A1 Roofing & Siding Ltd.
•ROOFING •SIDING •SOFFIT •STUCCO •HARDIE •FASCIA •EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar

Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253

Vol: 12 No: 273 Website : www.punjabiakhbaar.ca Email: editor@punjabiakhbaar.ca Friday, 8 August 2025

# "ਕਿੱਧਰ ਜਾਈਏ" ਸਾਨੂੰ ਸਾਡੇ ਖ਼ੇਤ ਮੋੜ ਦਿਓ..!

ਚਰਨਜੀਤ ਭੁੱਲਰ

**********************



ਪੰਜਾਬ 'ਚ ਜਿਨ੍ਹਾਂ ਹਜ਼ਾਰਾਂ ਏਕੜ ਜ਼ਮੀਨਾਂ ਵਿੱਚੋਂ ਲੰਘੇ ਸਮੇਂ ਵਿੱਚ ਕਿਸਾਨਾਂ ਨੂੰ ਬਾਹਰ ਕੀਤਾ ਗਿਆ, ਉਨ੍ਹਾਂ ਜ਼ਮੀਨਾਂ ਦੀ ਮਾਲਕੀ ਹੁਣ ਪ੍ਰਾਈਵੇਟ ਧਨੰਤਰਾਂ ਦੇ ਨਾਂ ਬੋਲਦੀ ਹੈ੍ਰ ਜਨਤਕ ਮੰਤਵਾਂ ਲਈ ਐਕੁਆਇਰ ਹੋਈਆਂ ਜ਼ਮੀਨਾਂ ਦੀ ਵਰਤੋਂ ਹੁਣ ਹੋਰ ਮੰਤਵ ਲਈ ਹੋ ਰਹੀ ਹੈ। ਗੰਨਾ ਮਿੱਲ ਲਈ ਫ਼ਰੀਦਕੋਟ, ਬੁਢਲਾਡਾ ਤੇ ਜਗਰਾਓਂ 'ਚ ਸਾਲ 1988 ਵਿੱਚ ਕਿਸਾਨਾਂ ਤੋਂ ਐਕੁਆਇਰ ਕੀਤੀਆਂ ਜ਼ਮੀਨਾਂ ਦਾ ਇੰਤਕਾਲ ਹੁਣ ਨਵੇਂ ਅਦਾਰਿਆਂ ਦੇ ਨਾਮ ਹੈ। ਜਦੋਂ ਹੁਣ 'ਆਪ' ਸਰਕਾਰ ਦੀ ਲੈਂਡ ਪੂਲਿੰਗ ਨੀਤੀ ਖ਼ਿਲਾਫ਼ ਬਿਗਲ ਵੱਜ ਗਿਆ ਹੈ ਤਾਂ ਪੁਰਾਣੀਆਂ ਐਕੁਆਇਰ ਜ਼ਮੀਨਾਂ ਦਾ ਸੱਚ ਅੱਖਾਂ ਖੋਲ੍ਹਣ ਵਾਲਾ ਹੈ। ਫ਼ਰੀਦਕੋਟ ਦੀ ਗੰਨਾ ਮਿੱਲ ਲਈ 138 ਏਕੜ ਜ਼ਮੀਨ 80 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਐਕੁਆਇਰ ਕੀਤੀ ਸੀ। ਇਸ ਖੰਡ ਮਿੱਲ ਨੂੰ ਤਾਲਾ ਮਾਰ ਕੇ ਇਸ ਦੀ 70 ਏਕੜ ਜ਼ਮੀਨ ਪੁੱਡਾ ਹਵਾਲੇ ਕਰ ਦਿੱਤੀ ਗਈ੍ਰ ਪੁੱਡਾ ਨੇ ਆਲੀਸ਼ਾਨ ਕਲੋਨੀ ਉਸਾਰਨ ਦਾ ਐਲਾਨ ਕੀਤਾ। ਪ੍ਰਾਜੈਕਟ ਫੇਲ੍ਹ ਹੋਣ 'ਤੇ ਹੁਣ ਇਹ ਜ਼ਮੀਨ ਉਦਯੋਗ ਵਿਭਾਗ ਨੂੰ ਸੌਂਪ ਦਿੱਤੀ ਹੈ। ਬੁਢਲਾਡਾ ਖੰਡ ਮਿੱਲ ਲਈ 60 ਕਿਸਾਨਾਂ ਦੀ 107 ਏਕੜ ਜ਼ਮੀਨ ਪ੍ਰਤੀ ਏਕੜ 18 ਹਜ਼ਾਰ ਰੁਪਏ ਦੇ ਮੁੱਲ ਵਿੱਚ ਐਕੁਆਇਰ ਕੀਤੀ ਗਈ। ਮਿੱਲ ਬੰਦ ਹੋਣ ਕਰ ਕੇ ਇਸ ਦਾ ਇੰਤਕਾਲ ਪੁੱਡਾ ਦੇ ਨਾਮ ਕਰਾ ਦਿੱਤਾ। ਪੁੱਡਾ ਨੇ ਕਲੋਨੀ ਕੱਟੀ ਪਰ ਇਹ ਪ੍ਰਾਜੈਕਟ ਚੱਲ ਨਹੀਂ ਸਕਿਆ। ਪਤਾ ਲੱਗਿਆ ਹੈ ਕਿ ਹੁਣ ਇਸ ਖੰਡ ਮਿੱਲ ਦੀ 51 ਏਕੜ ਜ਼ਮੀਨ ਪੰਜਾਬ ਮੰਡੀ ਬੋਰਡ ਨੂੰ ਦਿੱਤੀ ਗਈ ਹੈ੍ਰ ਜਗਰਾਓਂ ਖੰਡ ਮਿੱਲ ਲਈ 94 ਏਕੜ ਜ਼ਮੀਨ ਐਕੁਆਇਰ ਕੀਤੀ ਸੀ ਜਿੱਥੇ ਪੁੱਡਾ ਨੇ ਕਲੋਨੀ ਕੱਟੀ ਪਰ ਉਹ ਪ੍ਰਾਜੈਕਟ ਵੀ ਅਸਫਲ ਰਿਹਾ ਹੈ। ਖੰਡ ਮਿੱਲਾਂ ਦੇ ਕਰਮਚਾਰੀ ਦਲ ਦੇ ਪ੍ਰਧਾਨ ਸਤਵੰਤ ਅਬਲੂ ਦਾ ਕਹਿਣਾ ਹੈ ਕਿ ਕਦੇ ਇਨ੍ਹਾਂ ਜ਼ਮੀਨਾਂ 'ਚ ਫ਼ਸਲਾਂ ਦੀ ਲਹਿਰ-ਬਹਿਰ ਸੀ, ਫਿਰ ਖੰਡ ਮਿੱਲਾਂ ਦੀ ਮਸ਼ੀਨਰੀ ਚੱਲੀ, ਅਖੀਰ ਸਰਕਾਰਾਂ ਨੇ ਕਲੋਨੀਆਂ ਕੱਟ ਦਿੱਤੀਆਂ। ਉਨ੍ਹਾਂ ਕਿਹਾ ਕਿ ਕਿਸਾਨਾਂ ਨੇ ਖੰਡ ਮਿੱਲਾਂ ਵਾਸਤੇ ਜ਼ਮੀਨਾਂ ਦਿੱਤੀਆਂ ਸਨ, ਨਾ ਕਿ ਕਿਸੇ ਹੋਰ ਮਕਸਦ ਲਈ੍ਰ ਫ਼ਰੀਦਕੋਟ ਦੇ ਕਿਸਾਨ ਮੇਜਰ ਸਿੰਘ ਦਾ ਕਹਿਣਾ ਹੈ ਕਿ ਸਰਕਾਰ ਉਨ੍ਹਾਂ ਨੂੰ ਜ਼ਮੀਨ ਵਾਪਸ ਕਰੇ। ਜ਼ੀਰਾ ਖੰਡ ਮਿੱਲ ਲਈ ਤਿੰਨ ਪਿੰਡਾਂ ਦੀ 60 ਏਕੜ ਐਕੁਆਇਰ ਹੋਈ ਤੇ 40 ਏਕੜ 'ਸਾਵਣ ਮੱਲ ਟਰੱਸਟ' ਨੇ ਦਾਨ ਕੀਤੀ ਸੀ੍ਰ ਇਹ ਮਿੱਲ ਹੁਣ ਬੰਦ ਪਈ ਹੈ੍ਰ ਤਰਨ ਤਾਰਨ ਦੇ ਪਿੰਡ ਸ਼ੇਰੋਂ ਦੀ ਖੰਡ ਮਿੱਲ ਲਈ 100 ਏਕੜ ਅਤੇ ਪਟਿਆਲਾ ਜ਼ਿਲ੍ਹੇ ਦੇ ਪਿੰਡ ਰੱਖੜਾ 'ਚ ਖੰਡ ਮਿੱਲ ਲਈ 350 ਏਕੜ ਸ਼ਾਮਲਾਟ ਦੀ ਜ਼ਮੀਨ ਲਈ ਗਈ ਸੀ ਪਰ ਇਹ ਦੋਵੇਂ ਖੰਡ ਮਿੱਲਾਂ ਨੂੰ ਤਾਲੇ ਵੱਜੇ ਹੋਏ ਹਨ੍ਰ ਇਸੇ ਤਰ੍ਹਾਂ ਹੀ ਬਠਿੰਡਾ 'ਚ ਦੋ ਕਤਾਈ ਮਿੱਲਾਂ ਅਤੇ ਇੱਕ ਉਦਯੋਗ ਵਾਸਤੇ ਜ਼ਮੀਨ ਐਕੁਆਇਰ ਹੋਈ ਸੀ ਜਿਸ ਦੀ ਜ਼ਮੀਨ ਪ੍ਰਾਈਵੇਟ ਡਿਵੈਲਪਰ ਨੂੰ ਵੇਚ ਦਿੱਤੀ ਗਈ। ਪੰਜਾਬ ਸਰਕਾਰ ਨੇ 1980 ਦੇ ਵਰ੍ਹਿਆਂ ਦੌਰਾਨ ਨਰਮਾ ਪੱਟੀ 'ਚ ਸਹਿਕਾਰੀ ਖੇਤਰ 'ਚ ਸੰਧਵਾਂ, ਤਪਾ ਮੰਡੀ, ਮਲੋਟ, ਅਬੋਹਰ, ਮਾਨਸਾ, ਬਠਿੰਡਾ ਤੇ ਗੋਇੰਦਵਾਲ 'ਚ ਕਤਾਈ ਮਿੱਲਾਂ ਲਾਈਆਂ ਸਨ੍ਰ ਕਿਸਾਨਾਂ ਤੋਂ ਸਹਿਕਾਰੀ ਕਤਾਈ ਮਿੱਲਾਂ ਵਾਸਤੇ ਜ਼ਮੀਨ ਐਕੁਆਇਰ ਕੀਤੀ ਗਈ ਸੀ੍ਰ ਅਬੋਹਰ ਦੀ ਕਤਾਈ ਮਿੱਲ ਲਈ ਐਕੁਆਇਰ 42 ਏਕੜ ਜ਼ਮੀਨ 'ਤੇ ਹੁਣ ਕਲੋਨੀ ਬਣਾਈ ਗਈ ਹੈ। ਮਾਨਸਾ ਕਤਾਈ ਮਿੱਲ ਲਈ ਐਕੁਆਇਰ 23 ਏਕੜ ਜ਼ਮੀਨ ਦੀ ਮਾਲਕੀ ਵੀ ਪ੍ਰਾਈਵੇਟ ਕਲੋਨਾਈਜ਼ਰ ਦੇ ਨਾਮ ਬੋਲਦੀ ਹੈ੍ਰ ਤਪਾ ਮੰਡੀ ਦੀ ਕਤਾਈ ਮਿੱਲ ਦੀ ਜ਼ਮੀਨ ਵੀ ਪ੍ਰਾਈਵੇਟ ਫ਼ਰਮ ਕੋਲ ਚਲੀ ਗਈ ਹੈ। ਕਿਸਾਨਾਂ ਨੇ ਇਹ ਜ਼ਮੀਨਾਂ ਸਹਿਕਾਰੀ ਖੰਡ ਮਿੱਲਾਂ ਤੇ ਕਤਾਈ ਮਿੱਲਾਂ ਵਾਸਤੇ ਦਿੱਤੀਆਂ ਸਨ੍ਰ ਕਿਸਾਨਾਂ ਹੱਥੋਂ ਜ਼ਮੀਨ ਤਾਂ ਨਿਕਲੀ ਹੀ, ਨਾਲੇ ਕਰੀਬ ਅੱਠ ਹਜ਼ਾਰ ਮੁਲਾਜ਼ਮਾਂ ਤੇ ਵਰਕਰਾਂ ਕੋਲੋਂ ਰੁਜ਼ਗਾਰ ਵੀ ਖੁੱਸ ਗਿਆ੍ਰ ਕੈਪਟਨ ਸਰਕਾਰ ਨੇ ਪੁਲੀਸ ਜਬਰ ਨਾਲ ਬਰਨਾਲਾ ਵਿੱਚ ਫਰਵਰੀ 2006 ਵਿੱਚ ਟਰਾਈਡੈਂਟ ਗਰੁੱਪ ਲਈ ਤਿੰਨ ਪਿੰਡਾਂ ਦੀ 376 ਏਕੜ ਜ਼ਮੀਨ ਖੰਡ ਮਿੱਲ ਲਈ ਐਕੁਆਇਰ ਕੀਤੀ੍ਰ ਅੱਜ ਤੱਕ ਇਸ ਜ਼ਮੀਨ 'ਤੇ ਖੰਡ ਮਿੱਲ ਨਹੀਂ ਲੱਗੀ੍ਰ ਇਨ੍ਹਾਂ ਜ਼ਮੀਨਾਂ ਦੇ ਮਾਲਕ ਬਰਨਾਲਾ ਵਿੱਚ ਪਿਛਲੇ ਸਮੇਂ 'ਚ ਥ੍ਰੀ-ਵੀਲ੍ਹਰ ਚਲਾਉਂਦੇ ਰਹੇ ਹਨ੍ਰ ਜ਼ਮੀਨਾਂ ਦੇ ਅਸਲ ਮਾਲਕ ਹੁਣ ਆਪਣੀ ਜ਼ਮੀਨ ਵਾਪਸ ਮੰਗ ਰਹੇ ਹਨ।

ਮਾਨਸਾ ਦੇ ਪਿੰਡ ਗੋਬਿੰਦਪੁਰਾ 'ਚ 'ਇੰਡੀਆ ਬੁੱਲਜ਼ ਲਿਮਟਿਡ' ਲਈ 871 ਏਕੜ ਜ਼ਮੀਨ ਪੁਲੀਸ ਤਾਕਤ ਨਾਲ ਅਕਤੂਬਰ 2010 ਵਿੱਚ ਸਰਕਾਰ ਨੇ ਐਕੁਆਇਰ ਕੀਤੀ ਪਰ ਅੱਜ ਤੱਕ ਤਾਪ ਬਿਜਲੀ ਘਰ ਨਹੀਂ ਲੱਗਿਆ੍ਰ ਵਿਰੋਧ ਕਰਨ ਵਾਲੇ ਕਿਸਾਨਾਂ 'ਤੇ ਪੁਲੀਸ ਨੇ ਜਬਰ ਕੀਤਾ ਸੀ੍ਰ ਪਿੰਡ ਗੋਬਿੰਦਪੁਰਾ ਦੇ ਗੁਰਲਾਲ ਸਿੰਘ ਦਾ ਕਹਿਣਾ ਹੈ ਕਿ ਐਕੁਆਇਰ ਕੀਤੀ ਜ਼ਮੀਨ ਖ਼ਾਲੀ ਪਈ ਹੋਣ ਕਰਕੇ ਹੁਣ ਅਵਾਰਾ ਪਸ਼ੂਆਂ ਅਤੇ ਸੂਰਾਂ ਦਾ ਟਿਕਾਣਾ ਬਣ ਗਈ ਹੈ।

**ਮਾਨਸਾ ਦੇ ਕਈ ਕਿਸਾਨਾਂ ਨੂੰ ਛੱਡਣਾ ਪਿਆ ਪੰਜਾਬ**

ਵੇਰਵਿਆਂ ਅਨੁਸਾਰ ਅਕਾਲੀ ਦਲ-ਭਾਜਪਾ ਗੱਠਜੋੜ ਸਰਕਾਰ ਸਮੇਂ ਚਾਰ ਤਾਪ ਬਿਜਲੀ ਘਰਾਂ ਲਈ 5136 ਏਕੜ ਜ਼ਮੀਨ ਐਕੁਆਇਰ ਹੋਈ ਸੀ੍ਰ ਮਾਨਸਾ ਜ਼ਿਲ੍ਹੇ ਦੇ ਕਈ ਕਿਸਾਨਾਂ ਨੂੰ ਪੰਜਾਬ ਛੱਡਣਾ ਪਿਆ ਸੀ ਜੋ ਰਾਜਸਥਾਨ 'ਚ ਖੇਤੀ ਕਰ ਰਹੇ ਹਨ। ਬਠਿੰਡਾ ਦੇ ਤਾਪ ਬਿਜਲੀ ਘਰ ਲਈ 1968-69 ਵਿੱਚ 2200 ਏਕੜ ਜ਼ਮੀਨ ਐਕੁਆਇਰ ਕੀਤੀ ਗਈ ਸੀ੍ਰ ਪਿਛਲੀ ਕਾਂਗਰਸ ਸਰਕਾਰ ਨੇ ਇਹ ਥਰਮਲ ਬੰਦ ਕਰਕੇ ਇਸ ਦੀ ਜ਼ਮੀਨ 'ਤੇ ਕਲੋਨੀ ਕੱਟਣ ਦੀ ਤਜਵੀਜ਼ ਬਣਾਈ ਸੀ। ਉਨ੍ਹਾਂ ਸਮਿਆਂ 'ਚ ਹੀ ਰੋਪੜ ਤਾਪ ਬਿਜਲੀ ਘਰ ਲੱਗਿਆ ਸੀ੍ਰ ਲਹਿਰਾ ਮੁਹੱਬਤ ਤਾਪ ਬਿਜਲੀ ਘਰ ਲਈ 1025 ਏਕੜ ਜ਼ਮੀਨ ਐਕੁਆਇਰ ਹੋਈ ਸੀ ਜੋ ਸਾਲ 1997 ਵਿੱਚ ਚਾਲੂ ਹੋਇਆ ਸੀ। ਉਨ੍ਹਾਂ ਵੇਲਿਆਂ 'ਚ ਪ੍ਰਭਾਵਿਤ ਕਿਸਾਨ ਪਰਿਵਾਰਾਂ ਦੇ ਇੱਕ-ਇੱਕ ਜੀਅ ਨੂੰ ਸਰਕਾਰੀ ਨੌਕਰੀ ਦਿੱਤੀ ਗਈ ਸੀ ਜਿਸ ਕਰਕੇ ਕਿਸਾਨਾਂ ਨੂੰ ਜ਼ਮੀਨ ਦੇਣ ਦਾ ਬਹੁਤਾ ਦੁੱਖ ਨਹੀਂ ਹੁੰਦਾ ਸੀ।

**ਹਜ਼ਾਰਾਂ ਏਕੜ ਜ਼ਮੀਨਾਂ ਰਹੀਆਂ ਬੇਆਬਾਦ**

ਗਿੱਦੜਬਾਹਾ ਥਰਮਲ ਪ੍ਰਾਜੈਕਟ ਵਾਸਤੇ 2010 ਵਿੱਚ 2432 ਏਕੜ ਜ਼ਮੀਨ ਦੀ ਰੈੱਡ ਐਂਟਰੀ ਪਾ ਦਿੱਤੀ ਗਈ ਸੀ ਪਰ ਮਗਰੋਂ ਇਹ ਪ੍ਰਾਜੈਕਟ ਹੀ ਕੈਂਸਲ ਹੋ ਗਿਆ। ਸਾਲ 1998 ਵਿੱਚ ਬਠਿੰਡਾ ਰਿਫ਼ਾਈਨਰੀ ਲਈ ਚਾਰ ਪਿੰਡਾਂ ਦੀ 2080 ਏਕੜ ਜ਼ਮੀਨ ਐਕੁਆਇਰ ਹੋਈ ਸੀ ਜੋ ਡੇਢ ਦਹਾਕਾ ਬੇਆਬਾਦ ਪਈ ਰਹੀ। ਫਰਵਰੀ 2009 ਵਿੱਚ ਬਠਿੰਡਾ ਦੇ ਪਿੰਡ ਘੁੱਦਾ ਦੀ 532 ਏਕੜ ਜ਼ਮੀਨ ਐਕੁਆਇਰ ਕੀਤੀ ਗਈ ਸੀ ਜੋ ਕਰੀਬ ਇੱਕ ਦਹਾਕਾ ਖ਼ਾਲੀ ਪਈ ਰਹੀ। ਹੁਣ ਇਸ ਜ਼ਮੀਨ 'ਤੇ ਕੇਂਦਰੀ ਯੂਨੀਵਰਸਿਟੀ ਚੱਲ ਰਹੀ ਹੈ।

**ਸਾਨੂੰ ਸਾਡੇ ਖੇਤ ਮੋੜ ਦਿਓ..!**

ਸਾਲ 1984 ਵਿੱਚ ਬਠਿੰਡਾ ਦੇ ਪਿੰਡ ਜੋਧਪੁਰ ਰੋਮਾਣਾ ਦੀ 254 ਏਕੜ ਜ਼ਮੀਨ ਖੇਤੀ ਖੋਜਾਂ ਵਾਸਤੇ ਐਕੁਆਇਰ ਹੋਈ ਸੀ। ਸਾਲ 2008 ਵਿੱਚ ਇਹ ਜ਼ਮੀਨ ਕੌਮਾਂਤਰੀ ਕ੍ਰਿਕਟ ਸਟੇਡੀਅਮ ਵਾਸਤੇ ਟਰਾਂਸਫਰ ਕਰ ਦਿੱਤੀ। ਕਈ ਸਾਲ ਇਸ ਜ਼ਮੀਨ ਵਿੱਚ ਉੱਲੂ ਬੋਲਦੇ ਰਹੇ। ਆਖ਼ਰ ਇਸ ਜ਼ਮੀਨ ਦਾ ਕੁੱਝ ਹਿੱਸਾ ਏਮਜ਼ ਵਾਸਤੇ ਦਿੱਤਾ ਗਿਆ ਅਤੇ ਬਾਕੀ ਦੇ ਹਿੱਸੇ 'ਤੇ ਮੱਛੀ ਮਾਰਕੀਟ ਉਸਾਰ ਦਿੱਤੀ। ਮੱਛੀ ਮਾਰਕੀਟ ਵੀ ਬੇਆਬਾਦ ਪਈ ਹੈ੍ਰ ਜੋਧਪੁਰ ਰੋਮਾਣਾ ਦੇ ਕਿਸਾਨ ਆਖਦੇ ਹਨ ਕਿ ਉਨ੍ਹਾਂ ਨੇ ਜ਼ਮੀਨਾਂ ਮੱਛੀ ਮਾਰਕੀਟ ਲਈ ਨਹੀਂ ਦਿੱਤੀਆਂ ਸਨ। ਉਹ ਆਖਦੇ ਹਨ ਕਿ ਸਰਕਾਰ ਇਹ ਜ਼ਮੀਨ ਵਾਪਸ ਕਰੇ।

**ਪ੍ਰਾਜੈਕਟ ਦਾ ਨਾਮ ਐਕੁਆਇਰ ਜ਼ਮੀਨ ਦਾ ਰਕਬਾ**

ਬਠਿੰਡਾ ਰਿਫ਼ਾਈਨਰੀ 2080 ਏਕੜ
ਗੋਬਿੰਦਪੁਰਾ ਥਰਮਲ 871 ਏਕੜ
ਵਣਾਂਵਾਲੀ ਪ੍ਰਾਜੈਕਟ 2113 ਏਕੜ
ਰਾਜਪੁਰਾ ਥਰਮਲ ਪ੍ਰਾਜੈਕਟ 1078 ਏਕੜ
ਗੋਇੰਦਵਾਲ ਥਰਮਲ ਪ੍ਰਾਜੈਕਟ 1074 ਏਕੜ
ਬਠਿੰਡਾ ਥਰਮਲ 2200 ਏਕੜ
ਟਰਾਈਡੈਂਟ ਸ਼ੂਗਰ ਪ੍ਰਾਜੈਕਟ 375 ਏਕੜ
ਫ਼ਰੀਦਕੋਟ ਖੰਡ ਮਿੱਲ 138 ਏਕੜ
ਬੁਢਲਾਡਾ ਖੰਡ ਮਿੱਲ 107 ਏਕੜ
ਰੱਖੜਾ ਖੰਡ ਮਿੱਲ 350 ਏਕੜ

Narmaan Sidhu
Mortgage Expert
License # 510430
ਘਰ ਦੀ ਮਾਰਗੇਜ ਦਾ ਹੱਲ! ਨਰਮਾਣ ਸਿੱਧੂ ਕੋਲ ਚੱਲ
Alberta & Saskatchewan
403.818.0140
narmaan.sidhu@dominionlending.ca
www.NarmaanSidhu.com
THE MORTGAGE FIRM

ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ
App Store
Play Store

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ
ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਸੰਪਰਕ ਕਰੋ
Harman Buttar, BA, CIRP, LIT, Managing Partner
harmanb@bnadebtsolutions.ca
Simmie Pandher, Senior Administrator
Simmiep@bnadebtsolutions.ca
• Licensed Insolvency Trustees • Proposal Administrators
BNA™ Debt Solutions
P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca

PANGEA IMMIGRATION
ਕਨੇਡਾ ਪੱਕੇ ਹੋਣ ਦਾ ਰਾਹ, ਪੈਨਜੀਆ ਇਮੀਗ੍ਰੇਸ਼ਨ ਵਾਲਿਆਂ ਦੀ ਸਲਾਹ
Contact Us For All Your Immigration Needs
RCIC-IRB Regulated Canadian Immigration Consultant
• Student Visa • Work permit • Visitor Visa • LMIA • PR Application
• Refugee Cases and Appeals • PNP Family Sponsorship • Citizenship • Nanny Caregiver • USA Visa
Raman Dhaliwal (RCIC-IRB)
Commissioner for oaths in and for Alberta
Member of CAPIC
Cell: +1 403-672-1313
Office: +1 403-401-5911
Email: info@pangeaimmigration.ca
Website: www.pangeaimmigration.ca
Green Plaza Unit 232, 4818 Westwinds Dr NE Calgary AB T3J 3Z5

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016


SAHIL MITTU
Director
Affinity CABINETS
•Closets •Wet Bars •Book Shelving •Cabinetry
+1 548 400 0001
www.affinitycabinets.ca
info@affinitycabinets.ca
Unit - H, 2121 39 Avenue NE, Calgary AB - T2E 6R7
ਘਰ ਦੀ ਦਿੱਖ ਫੁੱਡ ਵਰਕ ਵਿੱਚੋਂ ਹੀ ਬੋਲਦੀ ਹੈ
ਨਵੇਂ ਜਾਂ ਪੁਰਾਣੇ ਘਰਾਂ ਵਿੱਚ ਕਿਚਨ ਕੈਬਿਨਟ, ਵੈੱਟਬਾਰ, ਬੁੱਕ ਸ਼ੈਲਫ ਆਦਿ ਦਾ ਸ਼ਾਨਦਾਰ ਅਤੇ ਵਾਜਿਬ ਕੀਮਤ ਉੱਪਰ ਕੰਮ ਕਰਵਾਉਣ ਲਈ ਸੰਪਰਕ ਕਰੋ

CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

SHORY LAW LLP
• IMMIGRATION • BUSINESS • CRIMINAL • REAL ESTATE
www.shorylaw.com (403) 216-1199
220 - 4851 Westwinds Dr. N.E., Calgary
@shorylaw
Chetan Shory Sarvesh Jeet Devinder Shory Jatin Shory

COPPERSTONE
AT COPPERFIELD

## ਗਰਮੀਆਂ ਦੀ ਬੱਚਤ ਈਵੈਂਟ ਹੁਣ ਚਾਲੂ ਹੈ
## $20,000 ਤੱਕ ਦੀ ਬੱਚਤ



ਬੇਮਿਸਾਲ ਅੰਦਰੂਨੀ ਦਿੱਖ





### ਆਪਣੇ ਸੁਪਨਿਆਂ ਦਾ ਘਰ ਸਕੂਲ, ਰੋਜਾਨਾ ਜ਼ਿੰਦਗੀ ਅਤੇ ਆਪਣਾ ਭਾਈਚਾਰਾ ਬਦਲਣ ਤੋਂ ਬਿਨਾਂ ਹੀ ਲੱਭੋ!

ਤੁਸੀਂ ਆਪਣੇ ਆਂਢ-ਗੁਆਂਢ ਨੂੰ ਪਿਆਰ ਕਰਦੇ ਹੋ। ਸਕੂਲ ਬਹੁਤ ਵਧੀਆ ਹਨ, ਤੁਹਾਡੇ ਗੁਆਂਢੀ ਦੋਸਤ ਹਨ, ਅਤੇ ਤੁਹਾਡੀ ਰੋਜ਼ਾਨਾ ਜ਼ਿੰਦਗੀ ਕੰਮ ਦੀ ਤਰਾਂ ਲੰਘ ਰਹੀ ਹੈ। ਪਰ ਤੁਹਾਡਾ ਮੌਜੂਦਾ ਘਰ? ਇਹ ਥੋੜ੍ਹਾ ਤੰਗ ਮਹਿਸੂਸ ਹੋਣ ਲੱਗਾ ਹੈ।

ਹੁਣ ਤੁਸੀਂ ਆਪਣੇ ਮੌਜੂਦਾ ਆਂਢ-ਗੁਆਂਢ ਤੋਂ ਬਾਹਰ ਜਾਣ ਤੋਂ ਬਿਨਾਂ ਹੀ ਮੂਵ ਅੱਪ ਹੋ ਸਕਦੇ ਹੋ।



### Luxury Single Family Homes From The High $600's

3 ਜਾਂ 4 ਬੈੱਡਰੂਮ+ਬੋਨਸ ਰੂਮ+ਆਫਿਸ, 3 ਬਾਥਰੂਮ
2,068 ਤੋਂ 2,724 ਵਰਗ ਫੁੱਟ ਮੇਨ ਲਿਵਿੰਗ ਏਰੀਆ
ਕਾਨੂੰਨੀ ਆਮਦਨ ਸੂਟ ਵਿਕਲਪਾਂ ਦੇ ਨਾਲ
ਫਰੰਟ ਅਟੈਚਡ ਡਬਲ ਗੈਰਾਜ

- ਹਰੇ ਭਰੇ ਰਸਤੇ 'ਤੇ ਪਿੱਛੇ
- ਸਪਾ-ਪ੍ਰੇਰਿਤ ਐਨਸੂਇਟ ਦੇ ਨਾਲ ਪ੍ਰਾਇਮਰੀ ਬੈੱਡਰੂਮ ਵਿੱਚ ਵਾਲਟਡ ਛੱਤ
- ਸੈਕੰਡਰੀ ਬੈੱਡਰੂਮਾਂ ਲਈ ਵਿਕਲਪਿਕ ਪ੍ਰਾਈਵੇਟ ਐਨਸੂਇਟ
- ਗ੍ਰੈਂਡ ਫੋਅਰ, ਵਾਕ-ਇਨ ਪੈਂਟਰੀ, ਅਤੇ ਵੱਖਰਾ ਮਡਰੂਮ
- ਬਹੁ-ਪੀੜ੍ਹੀ ਰਹਿਣ-ਸਹਿਣ ਜਾਂ ਕਿਰਾਏ ਦੀ ਆਮਦਨ ਲਈ ਆਦਰਸ਼

**TOUR OUR SHOWHOME**

132 Copperhead Road SE., Calgary T2Z 5H6
Tel: 587.674.3438
COPPERSTONELIVING.COM

Showhome now open:
Monday - Wednesday: 2 - 8 PM
Thursday & Friday: Closed
Saturday/Sunday: 12 - 5 PM

VESTA PROPERTIES

Built by Vesta – Over 7,000 homes delivered across Alberta and BC.

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000



ਪੰਜਾਬੀ ਅਖ਼ਬਾਰ ਰੋਜ਼ਾਨਾ ਐਡੀਸ਼ਨ ਵਿੱਚ ਐਡਵਰਟਾਈਜ਼ਮੈਂਟ ਦੇਣ ਲਈ ਗੁਰਬਿੰਦਰ ਸਿੰਘ ਗਾਗੋਵਾਲ ਨਾਲ ਸੰਪਰਕ ਕਰੋ
1 306 520 4313
ਮੁੱਖ ਦਫਤਰ: 1 403 640 2000

Vol: 12 No: 273 Website : www.punjabiakhbaar.ca Email: editor@punjabiakhbaar.ca Friday, 8 August 2025

# ਗਵਾਹਾਂ ਨੂੰ ਡਰਾਉਣ-ਧਮਕਾਉਣ ਦੇ ਦਾਅਵਿਆਂ ਤੋਂ ਬਾਅਦ ਸੈਸਕੈਚੇਵਾਨ ਇਮੀਗ੍ਰੇਸ਼ਨ ਫ੍ਰਾਡ ਕੇਸ ਰੋਕਿਆ

## ਜੱਗੀ ਲਾਅ ਆਫਿਸ ਵਾਲੇ ਭਵਨ ਜੱਗੀ ਵਕੀਲ ਦੀ ਬੱਲੇ-ਬੱਲੇ





ਵਕੀਲ ਭਵਨ ਜੱਗੀ ਕੇਸ ਜਿੱਤਣ ਉਪਰੰਤ ਗੁਰਪ੍ਰੀਤ ਸਿੰਘ ਨਾਲ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ)ਸੈਸਕੈਚੇਵਾਨ ਵਿੱਚ ਇਮੀਗ੍ਰੇਸ਼ਨ ਧੋਖਾਧੜੀ ਸਕੀਮ ਵਿੱਚ ਮੁੱਖ ਦਾਅਵੇਦਾਰ ਰਹੇ ਇੱਕ ਵਿਅਕਤੀ ਦਾ ਕੇਸ ਕੈਨੇਡੀਅਨ ਨਿਆਂ ਪ੍ਰਣਾਲੀ ਵਿੱਚ ਪੰਜ ਸਾਲ ਤੱਕ ਚੱਲਣ ਤੋਂ ਬਾਅਦ ਅਖੀਰਕਾਰ ਪੱਕੇ ਤੌਰ 'ਤੇ ਰੋਕ ਦਿੱਤਾ ਗਿਆ ਹੈ। ਪੱਕੇ ਤੌਰ 'ਤੇ "ਸਟੇ ਆਫ ਪ੍ਰੋਸੀਡਿੰਗਜ਼" ਉਦੋਂ ਦਿੱਤਾ ਜਾਂਦਾ ਹੈ ਜਦੋਂ ਕੈਨੇਡਾ ਦੇ ਚਾਰਟਰ ਆਫ ਰਾਈਟਸ ਐਂਡ ਫ੍ਰੀਡਮਜ਼ ਦੀ ਭਾਰੀ ਉਲੰਘਣਾ ਹੋਈ ਹੋਵੇ ਜਾਂ ਜਦੋਂ ਇਹ ਸਾਬਤ ਹੋ ਜਾਵੇ ਕਿ ਦੋਸ਼ੀ ਨੂੰ ਤਰਕ ਸੰਗਤ ਟ੍ਰਾਇਲ ਨਹੀਂ ਮਿਲ ਸਕਦਾ। ਗੁਰਪ੍ਰੀਤ ਸਿੰਘ ਨਾਮ ਦੇ ਇੱਕ ਵਿਅਕਤੀ ਨੂੰ ਇਮੀਗ੍ਰੇਸ਼ਨ ਧੋਖਾਧੜੀ ਸਕੀਮ ਵਿੱਚ ਦੋਸ਼ੀ ਪਾਇਆ ਗਿਆ ਸੀ ਜੋ ਲਗਭਗ ਇੱਕ ਦਹਾਕਾ ਪਹਿਲਾਂ ਸੂਬੇ ਵਿੱਚ ਚੱਲ ਰਹੀ ਸੀ। ਪਰੰਤੂ, ਮੁਕੱਦਮੇ ਦੇ ਲੰਮੇ ਚੱਲਣ ਅਤੇ ਕ੍ਰਾਉਨ ਵੱਲੋਂ ਗਵਾਹਾਂ ਨੂੰ ਡਰਾਉਣ ਅਤੇ ਦਬਾਉਣ ਦੇ ਦੋਸ਼ਾਂ ਕਾਰਨ, ਗੁਰਪ੍ਰੀਤ ਸਿੰਘ ਨੂੰ ਇਹ ਰਾਹਤ ਮਿਲੀ ਹੈ ਕਿ ਹੁਣ ਇਹ ਮਾਮਲਾ ਅੱਗੇ ਨਹੀਂ ਚਲਾਇਆ ਜਾਵੇਗਾ। ਜੱਗੀ ਲਾਅ ਆਫਿਸ ਰੀਜਾਇਨਾ ਵਾਲੇ ਗੁਰਪ੍ਰੀਤ ਦੇ ਵਕੀਲ ਭਵਨ ਜੱਗੀ ਨੇ ਕਿਹਾ, "ਮੈਂ ਨਿਆਂ ਪ੍ਰਣਾਲੀ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਨਿਆਂਸੰਗਤ ਫੈਸਲਾ ਦਿੱਤਾ ਹੈ।" ਇਹ ਮਾਮਲਾ ਜੋ ਅਧਿਕਾਰਕ ਤੌਰ 'ਤੇ 23 ਜੁਲਾਈ 2025 ਨੂੰ ਰੀਜਾਈਨਾ ਦੀ ਕੋਰਟ ਆਫ਼ ਕਿੰਗਜ਼ ਬੈਂਚ ਦੇ ਫੈਸਲੇ ਨਾਲ ਖਤਮ ਹੋਇਆ, ਉਸ ਦੀ ਸ਼ੁਰੂਆਤ 2016 ਵਿੱਚ ਹੋਈ ਸੀ।ਕੈਨੇਡੀਅਨ ਬੋਰਡਰ ਸਰਵਿਸਿਜ਼ ਏਜੰਸੀ (CBSA) ਨੇ ਦਾਅਵਾ ਕੀਤਾ ਸੀ ਕਿ ਜੂਨ 2016 ਤੋਂ ਨਵੰਬਰ 2018 ਤੱਕ, ਗੁਰਪ੍ਰੀਤ ਸਿੰਘ ਟੈਂਪਰੇਰੀ ਫੌਰੇਨ ਵਰਕਰਜ਼ ਲਈ ਜਾਰੀ ਕੀਤੀਆਂ ਵਰਕ ਪਰਮਿਟਾਂ ਦੀ ਨਾਜਾਇਜ਼ ਵਰਤੋਂ ਕਰ ਰਿਹਾ ਸੀ। CBSA ਨੇ ਇਹ ਵੀ ਦੱਸਿਆ ਕਿ ਉਸ ਨੇ ਰਜਿਸਟਰਡ ਚੈਰਿਟੀਆਂ ਦੀ ਨਕਲ ਕਰਕੇ ਨਕਲੀ ਨੌਕਰੀ ਪੱਤਰ ਬਣਾਏ ਤੇ ਉਨ੍ਹਾਂ ਨੂੰ ਵਿਕਰੀ ਕਰਕੇ ਨਫਾ ਕਮਾਇਆ ਜੋ ਕਿ ਵਿਦੇਸ਼ੀ ਨਾਗਰਿਕਾਂ ਨੂੰ ਕੈਨੇਡਾ ਵਿੱਚ ਰਹਿਣ ਜਾਂ ਦਾਖਲ ਹੋਣ ਲਈ ਦਿੱਤੇ ਜਾਂਦੇ ਸਨ। ਇਹ ਜਾਂਚ ਤਦੋਂ ਸ਼ੁਰੂ ਹੋਈ ਜਦੋਂ ਇੱਕ ਨਕਲੀ ਨੌਕਰੀ ਪੱਤਰ ਸੀ ਬੀ ਐਸ ਏ ਅਧਿਕਾਰੀ ਕੋਲ ਪੇਸ਼ ਕੀਤਾ ਗਿਆ ਸੀ। ਫੈਸਲੇ ਤੋਂ ਬਾਅਦ, ਗੁਰਪ੍ਰੀਤ ਦੇ ਵਕੀਲਾਂ ਨੇ ਮਿਸਟ੍ਰਾਇਲ ਦੀ ਅਰਜ਼ੀ ਦਿੱਤੀ, ਇਹ ਦੱਸਦਿਆਂ ਕਿ ਕ੍ਰਾਉਨ ਵਕੀਲ ਗਵਾਹਾਂ ਨੂੰ ਗੁਰਪ੍ਰੀਤ ਦੇ ਖ਼ਿਲਾਫ਼ ਬਿਆਨ ਦੇਣ ਲਈ ਡਰਾਉਂਦਾ ਸੀ। ਹਾਲਾਂਕਿ, ਕੋਰਟ ਨੇ ਕਿਹਾ ਹੈ ਕਿ ਕ੍ਰਾਉਨ ਵੱਲੋਂ ਡਰਾਉਣ ਜਾਂ ਦਬਾਅ ਦਾ ਕੋਈ ਪੱਕਾ ਸਬੂਤ ਨਹੀਂ ਸੀ। ਗੁਰਪ੍ਰੀਤ ਸਿੰਘ ਮੂਲ ਰੂਪ ਵਿੱਚ ਭਾਰਤ ਤੋਂ ਹੈ। ਆਪਣੀ ਕਾਨੂੰਨੀ ਲੜਾਈ ਕਾਰਨ ਉਹ ਪਿਛਲੇ 15 ਸਾਲਾਂ ਤੋਂ ਆਪਣੇ ਪਰਿਵਾਰ ਨੂੰ ਨਹੀਂ ਮਿਲ ਸਕਿਆ। ਇੱਕ ਦੁਭਾਸ਼ੀਏ ਰਾਹੀਂ, ਉਸ ਨੇ ਕਿਹਾ ਕਿ ਉਹ ਖੁਸ਼ ਹੈ ਕਿ ਇਹ ਮਾਮਲਾ ਹੁਣ ਅਖੀਰ ਖਤਮ ਹੋ ਗਿਆ ਹੈ ਅਤੇ ਉਹ ਪਿਛਲੇ 10 ਸਾਲਾਂ ਤੋਂ ਅਦਾਲਤਾਂ ਵਿੱਚ ਆਪਣੀ ਆਜ਼ਾਦੀ ਲਈ ਲੜ ਰਹੇ ਸਨ।

# ਭਾਰਤ 'ਤੇ ਟੈਰਿਫ 'ਬਹੁਤ ਜ਼ਿਆਦਾ' ਵਧਾ ਦੇਵਾਂਗਾ: ਟਰੰਪ



ਵਾਸ਼ਿੰਗਟਨ (ਪੰਜਾਬੀ ਅਖਬਾਰ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਮੰਗਲਵਾਰ ਨੂੰ ਕਿਹਾ ਕਿ ਭਾਰਤ ਇੱਕ ਚੰਗਾ ਵਪਾਰਕ ਭਾਈਵਾਲ ਨਹੀਂ ਰਿਹਾ। ਉਨ੍ਹਾਂ ਐਲਾਨ ਕੀਤਾ ਕਿ ਉਹ ਅਗਲੇ 24 ਘੰਟਿਆਂ ਵਿੱਚ ਨਵੀਂ ਦਿੱਲੀ 'ਤੇ ਟੈਰਿਫ 'ਕਾਫੀ ਵਧਾ' ਦੇਣਗੇ ਕਿਉਂਕਿ ਉਹ ਰੂਸ ਤੋਂ ਤੇਲ ਖਰੀਦ ਰਿਹਾ ਹੈ। ਟਰੰਪ ਨੇ ਕਿਹਾ ਕਿ ਭਾਰਤ ਜੰਗੀ ਮਸ਼ੀਨ ਨੂੰ ਹਵਾ ਦੇ ਰਿਹਾ ਹੈ। ਟਰੰਪ ਨੇ ਸੀਐੱਨਬੀਸੀ ਸਕੁਆਕ ਬਾਕਸ ਨਾਲ ਇੱਕ ਇੰਟਰਵਿਊ ਵਿੱਚ ਕਿਹਾ, "ਭਾਰਤ ਬਾਰੇ ਲੋਕ ਜੋ ਕਹਿਣਾ ਪਸੰਦ ਨਹੀਂ ਕਰਦੇ, ਉਹ ਇਹ ਕਿ ਭਾਰਤ ਸਭ ਤੋਂ ਵੱਧ ਟੈਰਿਫ ਲਗਾਉਣ ਵਾਲਾ ਮੁਲਕ ਹੈ। ਉਨ੍ਹਾਂ ਦਾ ਟੈਰਿਫ ਕਿਸੇ ਵੀ ਮੁਲਕ ਨਾਲੋਂ ਵੱਧ ਹੈ। ਅਸੀਂ ਭਾਰਤ ਨਾਲ ਬਹੁਤ ਘੱਟ ਵਪਾਰ ਕਰਦੇ ਹਾਂ ਕਿਉਂਕਿ ਉਨ੍ਹਾਂ ਦਾ ਟੈਰਿਫ ਬਹੁਤ ਜ਼ਿਆਦਾ ਹੈ।" ਅਮਰੀਕੀ ਸਦਰ ਨੇ ਕਿਹਾ, "ਭਾਰਤ ਚੰਗਾ ਵਪਾਰਕ ਭਾਈਵਾਲ ਨਹੀਂ ਰਿਹਾ ਹੈ, ਕਿਉਂਕਿ ਉਹ ਸਾਡੇ ਨਾਲ ਬਹੁਤ ਸਾਰਾ ਕਾਰੋਬਾਰ ਕਰਦੇ ਹਨ, ਪਰ ਅਸੀਂ ਉਨ੍ਹਾਂ ਨਾਲ ਕਾਰੋਬਾਰ ਨਹੀਂ ਕਰਦੇ। ਇਸ ਲਈ ਅਸੀਂ 25% (ਟੈਰਿਫ) 'ਤੇ ਸਮਝੌਤਾ ਕੀਤਾ, ਪਰ ਮੈਨੂੰ ਲੱਗਦਾ ਹੈ ਕਿ ਮੈਂ ਅਗਲੇ 24 ਘੰਟਿਆਂ ਵਿੱਚ ਇਸ ਨੂੰ ਬਹੁਤ ਜ਼ਿਆਦਾ ਵਧਾਉਣ ਜਾ ਰਿਹਾ ਹਾਂ, ਕਿਉਂਕਿ ਉਹ ਰੂਸੀ ਤੇਲ ਖਰੀਦ ਰਹੇ ਹਨ। ਉਹ ਜੰਗੀ ਮਸ਼ੀਨ ਨੂੰ ਹਵਾ ਦੇ ਰਹੇ ਹਨ। ਅਤੇ ਜੇਕਰ ਉਹ ਅਜਿਹਾ ਕਰਨ ਜਾ ਰਹੇ ਹਨ, ਤਾਂ ਮੈਂ ਖੁਸ਼ ਨਹੀਂ ਹੋਵਾਂਗਾ।" ਟਰੰਪ ਨੂੰ ਜਦੋਂ ਭਾਰਤ ਨਾਲ ਹੋਣ ਵਾਲੇ ਵਪਾਰਕ ਸਮਝੌਤੇ ਬਾਰੇ ਪੁੱਛਿਆ ਗਿਆ ਜੋ ਨੇੜੇ ਜਾਪਦਾ ਸੀ, ਤਾਂ ਅਮਰੀਕੀ ਸਦਰ ਨੇ ਕਿਹਾ ਕਿ ਭਾਰਤ ਨਾਲ 'ਮੁਸ਼ਕਲ' ਇਹ ਹੈ ਕਿ ਇਸ ਦੇ ਟੈਰਿਫ ਬਹੁਤ ਜ਼ਿਆਦਾ ਹਨ। ਰਾਸ਼ਟਰਪਤੀ ਨੇ ਕਿਹਾ, "ਹੁਣ ਮੈਂ ਕਹਾਂਗਾ ਕਿ ਭਾਰਤ ਹੁਣ ਤੱਕ ਦੇ ਸਭ ਤੋਂ ਉੱਚੇ ਟੈਰਿਫ ਤੋਂ ਸਾਨੂੰ ਜ਼ੀਰੋ ਟੈਰਿਫ ਦੇਵੇਗਾ... ਪਰ ਉਹ ਤੇਲ ਨਾਲ ਜੋ ਕੁਝ ਕਰ ਰਹੇ ਹਨ, ਉਸ ਨੂੰ ਦੇਖਦਿਆਂ ਇਹ ਕਾਫ਼ੀ ਨਹੀਂ ਹੈ।"
ਚੇਤੇ ਰਹੇ ਕਿ ਇੱਕ ਦਿਨ ਪਹਿਲਾਂ ਟਰੰਪ ਨੇ ਕਿਹਾ ਸੀ ਕਿ ਉਹ ਭਾਰਤ 'ਤੇ ਅਮਰੀਕੀ ਟੈਰਿਫਾਂ ਨੂੰ 'ਕਾਫ਼ੀ' ਵਧਾਏਗਾ। ਟਰੰਪ ਨੇ ਦੋਸ਼ ਲਾਇਆ ਸੀ ਕਿ ਭਾਰਤ ਰੂਸ ਤੋਂ ਕੱਚਾ ਤੇਲ ਸਸਤੇ ਭਾਅ ਖਰੀਦ ਕੇ ਇਸ ਨੂੰ ਅੱਗੇ ਮੁਨਾਫ਼ੇ ਲਈ ਮਹਿੰਗੇ ਭਾਅ ਵੇਚ ਰਿਹਾ ਹੈ। ਹਾਲਾਂਕਿ ਟਰੰਪ ਦੇ ਇਸ ਬਿਆਨ ਤੋਂ ਕੁੱਝ ਘੰਟਿਆਂ ਬਾਅਦ ਭਾਰਤ ਨੇ ਅਮਰੀਕਾ ਤੇ ਯੂਰਪੀ ਯੂਨੀਅਨ 'ਤੇ ਤਿੱਖਾ ਪਲਟਵਾਰ ਕਰਦਿਆਂ ਰੂਸ ਤੋਂ ਕੱਚੇ ਤੇਲ ਦੀ ਖਰੀਦ ਲਈ ਨਵੀਂ ਦਿੱਲੀ ਨੂੰ 'ਨਾਜਾਇਜ਼ ਅਤੇ ਗੈਰ-ਵਾਜਬ' ਨਿਸ਼ਾਨਾ ਬਣਾਉਣ ਲਈ ਉਨ੍ਹਾਂ ਦੀ ਨਿਖੇਧੀ ਕੀਤੀ।ਭਾਰਤ ਨੇ ਇਸ ਮੁੱਦੇ 'ਤੇ ਉਸ ਨੂੰ ਨਿਸ਼ਾਨਾ ਬਣਾਉਣ ਵਿੱਚ ਦੋਹਰੇ ਮਾਪਦੰਡਾਂ ਵੱਲ ਇਸ਼ਾਰਾ ਕੀਤਾ ਅਤੇ ਕਿਹਾ ਕਿ ਅਮਰੀਕਾ ਅਤੇ ਯੂਰਪੀਅਨ ਯੂਨੀਅਨ ਦੋਵੇਂ ਰੂਸ ਨਾਲ ਆਪਣੇ ਵਪਾਰਕ ਸਬੰਧ ਜਾਰੀ ਰੱਖ ਰਹੇ ਹਨ।
ਉਧਰ ਰੂਸ ਨੇ ਭਾਰਤ ਦੇ ਵਪਾਰਕ ਭਾਈਵਾਲਾਂ ਦੀ ਚੋਣ ਕਰਨ ਦੇ ਅਧਿਕਾਰ ਦਾ ਬਚਾਅ ਕਰਦੇ ਹੋਏ ਕਿਹਾ ਕਿ ਪ੍ਰਭੂਸੱਤਾ ਸੰਪੰਨ ਦੇਸ਼ਾਂ ਨੂੰ ਆਪਣੇ ਹਿੱਤਾਂ ਦੇ ਅਧਾਰ 'ਤੇ ਵਪਾਰ ਅਤੇ ਆਰਥਿਕ ਸਹਿਯੋਗ ਵਿੱਚ ਆਪਣੇ ਭਾਈਵਾਲਾਂ ਦੀ ਚੋਣ ਕਰਨ ਦਾ ਅਧਿਕਾਰ ਹੈ। ਕਰੈਮਲਿਨ ਦੇ ਬੁਲਾਰੇ ਦਮਿੱਤਰੀ ਪੈਸਕੋਵ ਨੇ ਭਾਰਤ ਨੂੰ ਦਿੱਤੀਆਂ ਅਮਰੀਕੀ ਧਮਕੀਆਂ 'ਤੇ ਟਿੱਪਣੀ ਕਰਦੇ ਹੋਏ ਕਿਹਾ, "ਸਾਡਾ ਮੰਨਣਾ ਹੈ ਕਿ ਪ੍ਰਭੂਸੱਤਾ ਸੰਪੰਨ ਦੇਸ਼ਾਂ ਨੂੰ ਆਪਣੇ ਵਪਾਰਕ ਭਾਈਵਾਲਾਂ, ਵਪਾਰ ਅਤੇ ਆਰਥਿਕ ਸਹਿਯੋਗ ਵਿੱਚ ਭਾਈਵਾਲਾਂ ਨੂੰ ਆਪਣੇ ਤੌਰ 'ਤੇ ਚੁਣਨ ਦਾ ਅਧਿਕਾਰ ਹੋਣਾ ਚਾਹੀਦਾ ਹੈ ਅਤੇ ਨਿਰਪੱਖ ਤੌਰ 'ਤੇ ਵਪਾਰ ਅਤੇ ਆਰਥਿਕ ਸਹਿਯੋਗ ਦੇ ਉਨ੍ਹਾਂ ਤਰੀਕਿਆਂ ਨੂੰ ਨਿਰਧਾਰਤ ਕਰਨਾ ਚਾਹੀਦਾ ਹੈ ਜੋ ਕਿਸੇ ਦੇਸ਼ ਦੇ ਹਿੱਤਾਂ ਦੇ ਅਨੁਕੂਲ ਹੋਣ।"






















# ਸ਼ਬਦ ਸਾਂਝ ਵੱਲੋਂ 'ਦ੍ਰਿਸ਼ਟੀ, ਦ੍ਰਿਸ਼ਟੀਕੋਣ ਅਤੇ ਸਿਰਜਣਾ' ਲੋਕ ਅਰਪਣ ਕੀਤੀ ਗਈ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਸਾਹਿਤ ਸਭਾ ਸ਼ਬਦ ਸਾਂਝ ਵੱਲੋਂ ਜਰਨੈਲ ਸਿੰਘ ਵਾਸੀ ਵੈਨਕੂਵਰ ਦੀਆਂ ਕਹਾਣੀਆਂ ਤੇ ਸੈਮੀਨਾਰ ਐਕਸ ਸਰਵਿਸਮੈਨ ਸੁਸਾਇਟੀ ਕੈਲਗਰੀ ਵਿਖੇ ਕਰਵਾਇਆ ਗਿਆ। ਜਿਸ ਵਿੱਚ ਜਰਨੈਲ ਸਿੰਘ ਦੀਆਂ ਕਹਾਣੀਆਂ 'ਤੇ ਲਿਖੀ ਕਿਤਾਬ 'ਦ੍ਰਿਸ਼ਟੀ, ਦ੍ਰਿਸ਼ਟੀਕੋਣ ਅਤੇ ਸਿਰਜਣਾ' ਲੋਕ ਅਰਪਣ ਕੀਤੀ ਗਈ ਅਤੇ ਨਾਲ ਹੀ ਉਹਨਾਂ ਨੂੰ ਕਹਾਣੀ ਦੇ ਖੇਤਰ ਵਿੱਚ ਪਾਏ ਯੋਗਦਾਨ ਕਰਕੇ ਸਨਮਾਨਿਤ ਕੀਤਾ ਗਿਆ। ਰੇਡੀ- ਰੈਡ ਐਫ ਐਮ ਦੇ ਕੈਲਗਰੀ ਦੇ ਹੋਸਟ ਸ਼੍ਰੀ ਰਿਸ਼ੀ ਨਾਗਰ ਨੇ ਵੱਡੀ ਗਿਣਤੀ ਵਿੱਚ ਪਹੁੰਚੇ ਸਾਹਿਤਕ ਪ੍ਰੇਮੀਆਂ ਨੂੰ ਜੀ ਆਇਆ ਕਹਿੰਦਿਆਂ ਉਹਨਾਂ ਦਾ ਧੰਨਵਾਦ ਕਰਦਿਆਂ ਸ਼ਬਦ ਸਾਂਝ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ । ਉਸ ਤੋਂ ਬਾਅਦ ਸਭਾ ਦੇ ਫਾਇਨਾਂਸ ਸਕੱਤਰ ਡਾਕਟਰ ਹਰਭਜਨ ਸਿੰਘ ਢਿੱਲੋਂ ਨੇ ਸਬਦ ਸਾਂਝ ਦੇ ਕੰਮਾਂ ਬਾਰੇ ਅਤੇ ਹੁਣ ਤੱਕ ਲਿਖੀਆਂ ਗਈਆਂ ਕਿਤਾਬਾਂ ਦਾ ਜ਼ਿਕਰ ਕਰਦਿਆਂ ਸਭਾ ਵੱਲੋਂ ਪਾਏ ਵੱਡੇ ਯੋਗਦਾਨ ਦਾ ਜ਼ਿਕਰ ਕੀਤਾ ਅਤੇ ਵੱਖ-ਵੱਖ ਵਿਦਵਾਨਾਂ ਵੱਲੋਂ ਲਿਖੇ ਗਏ ਆਰਟੀਕਲਾਂ ਲਈ ਉਹਨਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਸਭਾ ਦੇ ਉਪ ਪ੍ਰਧਾਨ ਡਾਕਟਰ ਲਖਬੀਰ ਸਿੰਘ ਰਿਆੜ ਨੇ ਜਰਨੈਲ ਸਿੰਘ ਦੀ ਜ਼ਿੰਦਗੀ ਬਾਰੇ ਜਾਣਕਾਰੀ ਦਿੰਦਿਆਂ ਉਹਨਾਂ ਦੁਆਰਾ ਕੀਤੇ ਵੱਖ ਵੱਖ ਕਿੱਤਿਆਂ ਤੋਂ ਵੀ ਜਾਣੂ ਕਰਵਾਇਆ। ਸੁਖਮੰਦਰ ਸਿੰਘ ਗਿੱਲ ਨੇ ਆਪਣਾ ਬਹੁਤ ਹੀ ਪਿਆਰਾ ਗੀਤ ਹੁਣ ਨਾ ਬੀਜੋ ਰਫ਼ਲਾਂ ਦੁਨਾਲੀਆਂ ਗਾ ਕੇ ਆਪਣੀ ਹਾਜ਼ਰੀ ਲਵਾਈ। ਡਾਕਟਰ ਸਰਬਜੀਤ ਕੌਰ ਜਵੰਧਾ ਨੇ ਜਰਨੈਲ ਸਿੰਘ ਦੀਆਂ ਕਹਾਣੀਆਂ ਤੇ ਵਿਸਥਾਰ ਪੂਰਵਕ ਪੇਪਰ ਪੜ੍ਹਦਿਆਂ ਉਹਨਾਂ ਦੁਆਰਾ ਕਹਾਣੀ ਖੇਤਰ ਵਿੱਚ ਪਾਏ ਯੋਗਦਾਨ ਦਾ ਜ਼ਿਕਰ ਕੀਤਾ। ਉਹਨਾਂ ਦੀ 'ਟਾਵਰਜ' ਕਹਾਣੀ ਸੰਗ੍ਰਹਿ ਬਾਰੇ ਬੋਲਦਿਆਂ ਉਹਨਾਂ ਕਿਹਾ ਕਿ ਜਰਨੈਲ ਸਿੰਘ ਹੋਰਾਂ ਦੀ ਰਚਨਾ ਦ੍ਰਿਸ਼ਟੀ ਸਮਾਜਿਕ ਅਤੇ ਵਿਗਿਆਨਿਕ ਮਾਡਲਾਂ ਨੂੰ ਆਧਾਰ ਬਣਾ ਕੇ ਜੀਵਨ ਵਿਚਲੀ ਟੁੱਟ ਭੱਜ ਅਤੇ ਸਮਕਾਲੀ ਸਮੱਸਿਆਵਾਂ ਦੀ ਮਨੋਵਿਗਿਆਨਿਕ ਤੇ ਯਥਾਰਥਕ ਪੇਸ਼ਕਾਰੀ ਹੈ। ਡਾਕਟਰ ਜਗਰੂਪ ਸੇਖੋਂ ਨੇ ਜਰਨੈਲ ਸਿੰਘ ਦੀ ਦੀਆਂ ਕਹਾਣੀਆਂ ਦਾ ਜ਼ਿਕਰ ਕਰਦਿਆਂ ਉਹਨਾਂ ਦੇ ਸਭਾ ਵੱਲੋਂ ਕੀਤੇ ਗਏ ਸਨਮਾਨ ਲਈ ਵਿਸ਼ੇਸ਼ ਤੌਰ ਤੇ ਵਧਾਈ ਦਿੰਦਿਆਂ ਕਹਾਣੀ ਖੇਤਰ ਵਿੱਚ ਪਾਏ ਯੋਗਦਾਨ ਦਾ ਜ਼ਿਕਰ ਕੀਤਾ। ਮਾਸਟਰ ਬਚਿੱਤਰ ਸਿੰਘ ਗਿੱਲ ਨੇ ਆਪਣੇ ਰਵਾਇਤੀ ਅੰਦਾਜ਼ ਵਿੱਚ ਕਵੀਸ਼ਰੀ 'ਬਚ ਲੋ ਜੇ ਬਚ ਸਕਦੇ ਇਹਨਾਂ ਠੱਗ ਲੁਟੇਰਿਆਂ ਤੋਂ' ਗਾ ਕੇ ਖੂਬ ਪ੍ਰਸੰਸਾ ਖੱਟੀ। ਸਰਦਾਰ ਜਰਨੈਲ ਸਿੰਘ ਨੇ ਆਪਣੇ ਕਹਾਣੀ ਸਫਰ ਬਾਰੇ ਜ਼ਿਕਰ ਕਰਦਿਆਂ ਦੱਸਿਆ ਕਿ ਉਹ ਕਹਾਣੀ ਕਿਵੇਂ ਲਿਖਦੇ ਹਨ। ਉਹਨਾਂ ਦਾ ਸਮੁੱਚਾ ਆਧਾਰ ਚਾਰ ਅਸੂਲਾਂ ਤੇ ਕੇਂਦਰਿਤ ਹੈ ਜਿਸ ਵਿੱਚ ਸੰਘਰਸ਼, ਸਹਿਜਤਾ, ਸੰਤੁਲਨ ਅਤੇ ਸੰਪੂਰਨਤਾ ਦਾ ਜ਼ਿਕਰ ਕਰਦਿਆਂ ਉਹਨਾਂ ਕਿਹਾ ਕਿ ਘਰ ਦੀ ਆਰਥਿਕ ਹਾਲਤ ਠੀਕ ਨਾ ਹੋਣ ਕਰਕੇ ਉਹ ਸਿਰਫ 12 ਜਮਾਤਾਂ ਹੀ ਪਾਸ ਕਰ ਸਕੇ। ਬਾਕੀ ਦੀ ਪੜ੍ਹਾਈ ਉਹਨਾਂ ਨੇ ਨੌਕਰੀ ਦੌਰਾਨ ਕੀਤੀ। ਪ੍ਰੋਫੈਸਰ ਸਿਕੰਦਰ ਖਾਨ ਨੇ ਆਪਣੇ ਪ੍ਰੋਗਰਾਮ ਬਾਰੇ ਜਾਣਕਾਰੀ ਦਿੰਦਿਆਂ ਸਭਾ ਦੇ ਸਮੂਹ ਮੈਂਬਰਾਂ ਅਤੇ ਆਏ ਹੋਏ ਸਾਹਿਤਕ ਪ੍ਰੇਮੀਆਂ ਨੂੰ ਉਸ ਵਿੱਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ। ਅੰਤ ਵਿੱਚ ਸਭਾ ਦੀ ਪ੍ਰਧਾਨ ਡਾਕਟਰ ਬਲਵਿੰਦਰ ਕੌਰ ਬਰਾੜ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਸਰਦਾਰ ਜਰਨੈਲ ਸਿੰਘ ਦੇ ਕਹਾਣੀ ਜਗਤ ਵਿੱਚ ਪਾਏ ਯੋਗਦਾਨ ਦੀ ਸ਼ਲਾਘਾ ਕਰਦਿਆਂ ਉਹਨਾਂ ਦੀ ਭਰਪੂਰ ਪ੍ਰਸੰਸਾ ਕੀਤੀ। ਸਾਹਿਤਕ ਪ੍ਰੇਮੀਆਂ ਤੋਂ ਇਲਾਵਾ ਪੰਜਾਬੀ ਅਖਬਾਰ ਦੇ ਸੰਪਾਦਕ ਸਰਦਾਰ ਹਰਬੰਸ ਸਿੰਘ ਬੁੱਟਰ ਦਾ ਸੈਮੀਨਾਰ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚਣ ਲਈ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਉਹ ਹਮੇਸ਼ਾ ਹੀ ਸਾਡੇ ਸੱਦੇ ਨੂੰ ਪ੍ਰਵਾਨ ਕਰਕੇ ਧੰਨਵਾਦੀ ਬਣਾਉਂਦੇ ਹਨ। ਸਟੇਜ ਦੀ ਸੇਵਾ ਡਾਕਟਰ ਮੁਖਤਿਆਰ ਸਿੰਘ ਨੇ ਬਾਖੂਬੀ ਨਿਭਾਈ।

# ਗੱਲਾਂ ਪੰਜਾਬ ਦੀਆਂ ਪ੍ਰੋਗਰਾਮ ਮੌਕੇ ਮਨਜੀਤ ਰੁਪੋਵਾਲੀਆ ਬਾਜੀ ਮਾਰ ਗਿਆ

## ਜਸਵੰਤ ਸੰਦੀਲਾ ਲਾਈਫ ਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਕੈਲਗਰੀ ਵਿਖੇ ਗੱਲਾਂ ਪੰਜਾਬ ਦੀ ਨਾਂ ਦਾ ਇੱਕ ਸੱਭਿਆਚਾਰਕ ਪਰਿਵਾਰਕ ਪ੍ਰੋਗਰਾਮ ਕਰਵਾਇਆ ਗਿਆ। ਲੋਕ ਤੱਥਾਂ ਵਾਲੀ ਪੇਸ਼ਕਾਰੀ ਮੌਕੇ ਗਾਇਕ ਸੁਖਵਿੰਦਰ ਸੁੱਖੀ ਨੇ ਸਾਰੇ ਪੰਡਾਲ ਨੂੰ ਨਾਲ ਜੋੜੀ ਰੱਖਿਆ। ਸੁੱਖੀ ਦਾ ਕੱਲਾ ਕੱਲਾ ਸ਼ਬਦ ਇਸ ਤਰਾਂ ਲੱਗਦਾ ਸੀ ਕਿ ਹਾਲ ਵਿੱਚ ਹਾਜਿਰ ਦਰਸਕਾਂ ਨੇ ਹੀ ਇਹਨਾਂ ਗੀਤਾਂ ਨੂੰ ਲਿਖਿਆ ਹੋਵੇ। ਮਨਜੀਤ ਰੂਪੋਵਾਲੀਆ ਦਾ ਸੁਪਰਡੁਪਰ ਗੀਤ ਬਾਜੀ ਮਾਰ ਗਿਆ ਬਠਿੰਡੇ ਆਲਾ ਗੱਭਰੂ ਸਾਰੇ ਹਾਲ ਨੂੰ ਨੱਚਣ ਲਈ ਉਤੇਜਿਤ ਕਰ ਗਿਆ। ਅੱਜ ਤੋਂ ਵੀਹ ਸਾਲਾਂ ਪਹਿਲਾਂ ਵਰਗੀ ਦੋਗਾਣਿਆਂ ਦੀ ਪੇਸ਼ਕਾਰੀ ਨੇ ਪੰਜਾਬ ਦੇ ਅਖਾੜਿਆਂ ਦੀ ਯਾਦ ਤਾਜਾ ਕਰਵਾ ਦਿੱਤੀ। ਆਏ ਹੋਏ ਦਰਸਕਾਂ ਨੇ ਗੀਤਾਂ ਦੀ ਬੀਟ ਉੱਪਰ ਖੂਬ ਨੱਚ ਨੱਚਕੇ ਪਰੋਗਰਾਮ ਦਾ ਆਨੰਦ ਮਾਣਦਿਆਂ ਬਠਿੰਡੇ ਆਲੇ ਗੱਭਰੂ ਵਾਂਗ ਬਾਜ਼ੀ ਮਾਰਨ ਦੀ ਕੋਸ਼ਿਸ ਕੀਤੀ। । ਮੁੱਖ ਮਹਿਮਾਨ ਮੈਂਬਰ ਪਾਰਲੀਮੈਂਟ ਦਲਵਿੰਦਰ ਗਿੱਲ ਨੇ ਆਪਣੇ ਵੱਲੋਂ ਮਾਣ ਪੱਤਰ ਅਤੇ ਐਵਾਰਡ ਦੇਣ ਦੀ ਰਸਮ ਮੌਕੇ ਹਾਜਿਰੀ ਲਗਵਾਈ। ਇਸ ਮੌਕੇ ਲਾਈਫ ਟਾਈਮ ਅਚੀਵਮੈਂਟ ਐਵਾਰਡ ਲੋਕ ਗਾਇਕ ਜਸਵੰਤ ਸੰਦੀਲਾ ਨੂੰ ਦਿੱਤਾ ਗਿਆ। ਵੈਸਟ ਮੇਲ ਵੋਕਲਿਸਟ ਐਵਾਰਡ ਮਨਜੀਤ ਰੂਪੋਵਾਲੀਆ ਅਤੇ ਸੁਖਵਿੰਦਰ ਸੁੱਖੀ ਨੂੰ ਦਿੱਤਾ ਗਿਆ ਸਟੇਜ ਸਕੱਤਰ ਦੀ ਕਾਰਵਾਈ ਚਲਾਉਣ ਵਾਲੀ ਸਰੀਨਾ ਬੱਬਰ ਨੂੰ ਬੈਸਟ ਹੋਸਟ ਦਾ ਐਵਾਰਡ ਦਿੱਤਾ ਗਿਆ ਜਦੋਂ ਕਿ ਵੈਸਟ ਫੀਮੇਲ ਸਿੰਗਰ ਦਾ ਮਾਣ ਸਿਮਰਨ ਸਹੋਤਾ ਦੇ ਹਿੱਸੇ ਆਇਆ। ਕੈਲਗਰੀ ਵਾਸੀ ਹਰਜੀਤ ਗਿੱਲ ਦਾ ਬੁਲੰਦ ਆਵਾਜ਼ ਵਿੱਚ ਛੱਲਾ ਸਾਰਿਆਂ ਨੂੰ ਪਸੰਦ ਆਇਆ ਪਰ ਸਮੇਂ ਦੀ ਘਾਟ ਕਾਰਣ ਹੀਰ ਨਾ ਸੁਣ ਸਕੇ । ਇਸ ਖਚਾਖਚ ਭਰੇ ਹਾਲ ਵਾਲੇ ਪਰਿਵਾਰਕ ਸਮਾਗਮ ਦੀ ਵਿਸ਼ੇਸਤਾ ਇਹ ਸੀ ਇਹ ਸਮਾਗਮ ਦੇ ਵਿੱਚ ਸਤਿਕਾਰ ਵੱਜੋਂ ਮਾਵਾਂ ਲਈ ਵਿਸ਼ੇਸ਼ ਟੇਬਲ ਲਗਾਏ ਗਏ ਸਨ। ਪ੍ਰਮੋਟਰ ਵਿਵੇਕ ਮਹਾਜਨ ਅਤੇ ਮੁਕੇਸ਼ ਨੁਡਿਆਲ ਨੇ ਆਖਿਰ ਵਿੱਚ ਸਾਰਿਆਂ ਦਾ ਧੰਨਵਾਦ ਕੀਤਾ।

# ਇੱਕਾ ਸੀਨੀਅਰ ਸਿਟੀਜਨ ਸੋਸਾਇਟੀ ਦੇ ਬਜ਼ੁਰਗ ਮਰਦ ਔਰਤਾਂ ਬੈਂਫ ਦੀਆਂ ਪਹਾੜੀਆਂ ਘੁੰਮਣ ਗਏ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ )ਇੱਕਾ ਸੰਸਥਾ ਦੇ ਮੈਂਬਰ ਸੁਸਾਇਟੀ ਦੇ ਹਾਲ ਵਿੱਚੋਂ ਮੇਜਰ ਸਿੰਘ ਧਾਲੀਵਾਲ ਵੱਲੋਂ ਦਿੱਤੀ ਗਈ ਪ੍ਰੋਗਰਾਮ ਦੀ ਰੂਪ ਰੇਖਾ ਅਨੁਸਾਰ ਬੱਸ ਵਿੱਚ ਸਵਾਰ ਹੋ ਕੇ ਬੈਂਫ ਵੱਲ ਰਵਾਨਾ ਹੋਏ । ਲੇਕ ਦੇ ਕਿਨਾਰੇ ਬਜ਼ੁਰਗਾਂ ਨੇ ਕੇਕ ਕੱਟ ਕੇ ਇਸ ਮਹੀਨੇ ਜਿਹੜੇ ਬਜ਼ੁਰਗਾਂ ਦੇ ਜਨਮਦਿਨ ਆਉਂਦੇ ਹਨ, ਉਹਨਾਂ ਨੂੰ ਮੁਬਾਰਕਬਾਦ ਦਿੱਤੀ। ਬੈਂਫ ਦੇ ਰੈਸਟੋਰੈਂਟ ਵਿੱਚ ਸਾਰਿਆਂ ਨੇ ਖਾਣਾ ਖਾਣ ਉਪਰੰਤ ਵਾਟਰ ਫਾਲ ਵੱਲ ਚਾਲੇ ਪਾਏ। ਪੂਰੇ ਦਿਨ ਦਾ ਆਨੰਦ ਮਾਨਣ ਉਪਰੰਤ ਸ਼ਾਮ ਨੂੰ ਘਰ ਵਾਪਸੀ ਤੇ ਸੰਸਥਾ ਦੇ ਪ੍ਰੈਜੀਡੈਂਟ ਮੋਤਾ ਸਿੰਘ ਮਿਨਹਾਸ ਨੇ ਸਾਰਿਆਂ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਟੂਰ ਦਾ ਇੰਤਜਾਮ ਕਰਨ ਲਈ ਉਚੇਚੇ ਤੌਰ ਤੇ ਬਿੱਕਰ ਸਿੰਘ ਸੰਧੂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ । ਸੁਰਮਖ ਸਿੰਘ ਕੂਨਰ, ਕੁਲਬੀਰ ਸਿੰਘ ਕਾਲਕਟ, ਦਰਸ਼ਨ ਸਿੰਘ ਔਲਖ,ਅਤੇ ਮੋਠਾ ਰਾਮ ਸ਼ਰਮਾ ਨੇ ਪ੍ਰੋਗਰਾਮ ਵਿੱਚ ਵਲੰਟੀਅਰ ਦੀ ਸੇਵਾ ਨਿਭਾਈ।

# ਅਰਪਨ ਲਿਖਾਰੀ ਸਭਾ ਵੱਲੋਂ ਨਾਮਵਰ ਸ਼ਾਇਰ ਸਵ:ਕੇਸਰ ਸਿੰਘ ਨੀਰ ਦੇ ਨਮਿੱਤ ਸ਼ਰਧਾਂਜਲੀ ਸਮਾਗਮ





ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਰਪਨ ਲਿਖਾਰੀ ਸਭਾ ਵੱਲੋਂ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਨਾਮਵਰ ਸਾਹਿਤਕਾਰ ਸ੍ਰ: ਕੇਸਰ ਸਿੰਘ ਨੀਰ ਨਮਿੱਤ ਸ਼ਰਧਾਂਜਲੀ ਸਮਾਗਮ ਡਾ: ਜੋਗਾ ਸਿੰਘ ਸਹੋਤਾ, ਸ਼੍ਰੀਮਤੀ ਕੁਲਦੀਪ ਕੌਰ ਘਟੌੜਾ ਅਤੇ ਡਾ: ਸੇਵਾ ਸਿੰਘ ਪ੍ਰੇਮੀ ਦੀ ਪ੍ਰਧਾਨਗੀ ਹੇਠ 26 ਜੁਲਾਈ ਨੂੰ ਟੈਂਪਲ ਕਮਿਊਨਿਟੀ ਹਾਲ ਵਿਖੇ ਕੀਤਾ ਗਿਆ। ਖੱਚਾ ਖੱਚ ਭਰੇ ਹਾਲ ਵਿਚ ਉਨ੍ਹਾਂ ਦੀਆਂ ਗ਼ਜ਼ਲਾਂ ਅਤੇ ਨਜ਼ਮਾਂ ਦੀ ਪੇਸ਼ਕਾਰੀ ਰਾਹੀਂ ਸ਼ਰਧਾਂਜਲੀਆਂ ਦਿੱਤੀਆਂ ਗਈਆਂ। ਜਗਦੇਵ ਸਿੱਧੂ ਨੇ ਕਾਰਵਾਈ ਸ਼ੁਰੂ ਕਰਦਿਆਂ ਹੀ ਸੁਰਜੀਤ ਪਾਤਰ ਦੀਆਂ ਇਨ੍ਹਾਂ ਸਤਰਾਂ ਨਾ਼ਲ ਸਮਾਗਮ ਦੀ ਦਿਸ਼ਾ ਨਿਰਧਾਰਤ ਕਰ ਦਿੱਤੀ
'ਜਦੋਂ ਤੱਕ ਲਫ਼ਜ਼ ਜਿਉਂਦੇ ਨੇ ਸੁਖਨਵਰ ਜਿਉਣ ਮਰ ਕੇ ਵੀ, ਉਹ ਕੇਵਲ ਜਿਸਮ ਹੁੰਦੇ ਨੇ ਜੋ ਸਿਵਿਆਂ ਵਿੱਚ ਸੁਆਹ ਬਣਦੇ'। ਜਸਵੰਤ ਸਿੰਘ ਸੇਖੋਂ ਨੇ ਆਪਣੀ ਲਿਖੀ ਕਵਿਤਾ ਕਵੀਸ਼ਰੀ ਰੰਗ ਵਿੱਚ ਸ਼ਰਧਾਂਜਲੀ ਦਿੱਤੀ। ਸੁਰਜੀਤ ਸਿੰਘ ਹੇਅਰ, ਡਾ: ਸੇਵਾ ਸਿੰਘ ਪ੍ਰੇਮੀ, ਸਵਰਨ ਸਿੰਘ ਧਾ਼ਲੀਵਾ਼ਲ ਅਤੇ ਗੁਰਚਰਨ ਕੌਰ ਥਿੰਦ ਜਸਵੀਰ ਸਿਹੋਤਾ, ਡਾ: ਮਨਮੋਹਨ ਬਾਠ, ਸੁਖਵਿੰਦਰ ਤੂਰ, ਜਰਨੈਲ ਤੱਗੜ, ਸੁਖਮੰਦਰ ਗਿੱਲ, ਹਰਮਿੰਦਰ ਪਾਲ ਸਿੰਘ ਅਤੇ ਡਾ: ਜੋਗਾ ਸਿੰਘ ਸਹੋਤਾ ਨੇ ਨੀਰ ਦੀਆਂ ਗ਼ਜ਼ਲਾਂ ਦੀ ਗਾਇਕੀ ਨਾ਼ਲ ਦਰਸ਼ਕਾਂ ਨੂੰ ਸੰਮੋਹਿਤ ਕੀਤਾ। ਸਰਦੂਲ ਸਿੰਘ ਲੱਖਾ ਨੇ ਕਿਹਾ ਕਿ ਨੀਰ ਸਾਹਿਬ ਜਗਰਾਉਂ ਸਾਹਿਤ ਸਭਾ ਦੀ ਬਗੀਚੀ ਦਾ ਟੀਸੀ ਦਾ ਬੇਰ ਸੀ। ਸਤਨਾਮ ਢਾਅ ਨੇ ਨੀਰ ਸਾਹਿਬ ਬਾਰੇ ਵਿਚਾਰ ਪੇਸ਼ ਕਰਦਿਆਂ ਆਖਿਆ ਉਹ ਅਰਪਨ ਲਿਖਾਰੀ ਸਭਾ ਦੇ ਮੋਢੀ ਸਨ। ਸਾਨੂੰ ਇਸ ਗੱਲ ਦਾ ਮਾਣ ਹੈ ਕਿ ਕੈਲਗਰੀ ਦੇ ਸਾਹਿਤਕ ਭਾਈਚਾਰੇ ਵਿੱਚੋਂ ਇਕੱਲੇ ਹੀ ਅਜਿਹੇ ਸਾਹਿਤਕਾਰ ਸਨ ਜਿਨ੍ਹਾਂ ਨੂੰ ਸ਼੍ਰੋਮਣੀ ਪੰਜਾਬੀ ਸਾਹਿਤਕਾਰ (ਵਿਦੇਸ਼ੀ) ਭਾਸ਼ਾ ਵਿਭਾਗ ਪੰਜਾਬ ਦਾ ਪੁਰਸਕਾਰ ਮਿਲ਼ਿਆ।
ਐਡਮਿੰਟਨ ਤੋਂ ਆਈ ਕੇਸਰ ਸਿੰਘ ਨੀਰ ਦੀ ਸਪੁੱਤਰੀ ਜਸਜੀਤ ਕੌਰ ਭੰਵਰਾ ਅਤੇ ਕੈਲਗਰੀ ਤੋਂ ਬੇਟੇ ਅਰਸ਼ਦੀਪ ਨੇ ਕਿਹਾ ਕਿ ਪਰਿਵਾਰ ਦੇ ਸਾਰੇ ਜੀਆਂ ਦੀ ਕਾਮਯਾਬੀ ਵਿਚ ਸਾਡੇ ਪਿਤਾ ਜੀ ਦੀ ਬਹੁਤ ਵੱਡੀ ਦੇਣ ਹੈ। ਭੰਵਰਾ ਨੇ ਆਖਿਆ ਕਿ ਜਿਥੇ ਨੀਰ ਸਾਹਿਬ ਦੇ ਅਧਿਆਪਕ ਯੂਨੀਆਨ ਸਮੇਂ ਘਰੋਂ ਬਾਹਰ ਰਹਿ ਕੇ ਲੋਕ-ਹਿਤਾਂ ਲਈ ਸੰਘਰਸ਼ ਕਰਨ ਅਤੇ ਜੇਲ਼੍ਹ ਯਾਤਰਾਵਾਂ ਸਮੇਂ ਆਪਣੀ ਮਾਤਾ ਕੁਲਦੀਪ ਕੌਰ ਘਟੌੜਾ ਦੇ ਦਿੱਤੇ ਸਹਿਯੋਗ ਅਤੇ ਬੱਚਿਆਂ ਦੀ ਦੇਖ-ਭਾਲ ਕਰਨ ਦੇ ਯੋਗਦਾਨ ਦੀ ਵੀ ਗੱਲ ਕੀਤੀ। ਬੱਚੇ ਅਰਮਾਨ, ਵਾਣੀ ਅਤੇ ਇਸ਼ਟਪ੍ਰੀਤ ਨੇ ਨੀਰ ਦੇ ਲਿਖੇ ਬਾਲ- ਸਾਹਿਤ ਵਿੱਚੋਂ ਬਾਲ-ਕਵਿਤਾਵਾਂ, ਜੋ ਬੱਚਿਆਂ ਨੂੰ ਚੰਗੀ ਸੋਧ ਅਤੇ ਪੜ੍ਹਨ ਲਈ ਉਤਸ਼ਾਹਿਤ ਕਰਦੀਆਂ ਹਨ, ਸੁਣਾਈਆਂ। ਸਰੋਤਿਆਂ ਵੱਲੋਂ ਤਾਂ਼ਲੀਆਂ ਨਾਲ ਬੱਚਿਆਂ ਨੂੰ ਸ਼ਾਬਾਸ਼ੇ ਨਾਲ ਨਿਵਾਜਿਆ। ਕੁਲਦੀਪ ਕੌਰ ਘਟੌੜਾ ਨੇ ਨੀਰ ਸਾਹਿਬ ਨਾਲ ਬਿਤਾਈ ਸ਼ਾਨਦਾਰ ਜ਼ਿੰਦਗੀ ਦੀਆਂ ਕੁੱਝ ਤਫਸੀਲਾਂ ਸਾਂਝੀਆਂ ਕੀਤੀਆਂ। ਸਰੋਤਿਆਂ ਨੂੰ ਭਾਵੁਕ ਕਰ ਦਿੱਤਾ। ਸਰੋਤਿਆਂ/ ਦਰਸ਼ਕਾਂ ਦੁਆਰਾ ਇੱਕ-ਮਨ ਇੱਕ-ਚਿੱਤ ਹੋ ਕੇ ਸੁਨਣਾ ਅਤੇ ਤਾੜੀਆਂ ਨਾ਼ਲ ਭਰਪੂਰ ਹੁੰਗਾਰਾ ਭਰਨਾ ਸਮਾਗਮ ਦੀ ਸ਼ੋਭਾ ਵਿਚ ਵਾਧਾ ਕਰ ਗਿਆ।
ਅਖੀਰ ਵਿਚ ਪ੍ਰਧਾਨ ਡਾ: ਜੋਗਾ ਸਿੰਘ ਸਹੋਤਾ ਨੇ ਕਿਹਾ ਕਿ ਅੱਜ ਸਾਡੇ ਸ਼ਹਿਰ ਵਿਚ ਬਹੁਤ ਸਾਰੇ ਸਮਾਗਮ ਹੋਣ ਦੇ ਵਾਬਜੂਦ ਵਿਚ ਏਨੀ ਵੱਡੀ ਗਿਣਤੀ ਵਿੱਚ ਹਾਜ਼ਰ ਹੋਣਾ ਇਹ ਦਰਸਾਉਂਦਾ ਹੈ ਕਿ ਕੇਸਰ ਸਿੰਘ ਨੀਰ ਦਾ ਸਾਡੇ ਭਾਈਚਾਰੇ ਵਿੱਚ ਕਿੰਨਾ ਸਤਿਕਾਰ ਸੀ। ਜਗਦੇਵ ਸਿੰਘ ਸਿੱਧੂ ਨੇ ਸਟੇਜ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਉਂਦਿਆਂ ਨੀਰ ਦੀਆਂ ਯਾਦਾਂ ਅਤੇ ਗ਼ਜ਼ਲਾਂ ਦੇ ਸ਼ੇਅਰਾਂ ਨਾਲ ਸਰੋਤਿਆਂ ਨੂੰ ਆਪਣੀ ਮਿਕਨਾਤੀਸੀ ਕਲਾ ਨਾਲ ਕੀਲੀ ਰੱਖਿਆ, ਇਹ ਸਮਾਗਮ ਯਾਦਗਾਰੀ ਸਮਾਗਮ ਹੋ ਨਿਬੜਿਆ।









# ਇੰਡੋ-ਕੈਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਨੇ ਸਾਲਾਨਾ ਪਿਕਨਿਕ ਮਨਾਈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)ਪਹਿਲਾਂ ਤੋਂ ਹੀ ਮਿਥੇ ਪ੍ਰੋਗਰਾਮ ਅਨੁਸਾਰ ਇੰਡੋ ਕਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਵੱਲੋਂ ਪਿਕਨਿਕ ਦਾ ਪ੍ਰੋਗਰਾਮ ਪ੍ਰੇਰੀ ਵਿੰਡਜ ਪਾਰਕ ਦੇ ਵਿੱਚ ਆਯੋਜਿਤ ਕੀਤਾ ਗਿਆ ਜਿਸ ਵਿੱਚ ਕੈਲਗਰੀ ਤੋਂ ਪੰਜਾਬੀ ਭਾਈਚਾਰੇ ਦੇ ਤਿੰਨੇ ਮੈਂਬਰ ਪਾਰਲੀਮੈਂਟ ਜਸਰਾਜ ਹੱਲਣ, ਅਮਨਪ੍ਰੀਤ ਗਿੱਲ,ਦਲਵਿੰਦਰ ਗਿੱਲ, ਐਮ ਐਲ ਏ ਪਰਮੀਤ ਸਿੰਘ ਬੋਪਾਰਾਇ ਅਤੇ ਸਿਟੀ ਕੌਂਸਲਰ ਰਾਜ ਧਾਲੀਵਾਲ ਵੀ ਮੌਜੂਦ ਰਹੇ। ਖੁੱਲੇ ਗਰਾਊਂਡਾਂ ਵਿੱਚ ਮੰਚ ਸੰਭਾਲਦਿਆਂ ਸੰਸਥਾ ਦੇ ਪ੍ਰਧਾਨ ਸੇਵਾ ਸਿੰਘ ਪ੍ਰੇਮੀ ਨੇ ਸਾਰਿਆਂ ਨੂੰ ਜੀ ਆਇਆ ਕਿਹਾ ਅਤੇ ਆਪਣੇ ਘਰਾਂ ਵਿੱਚੋਂ ਬਾਹਰ ਨਿਕਲ ਕੇ ਆਪਸੀ ਮੇਲ ਮਿਲਾਪ ਸਾਂਝ ਅਤੇ ਇਕੱਲੇਪਣ ਨੂੰ ਦੂਰ ਕਰਨ ਲਈ ਕੀਤੇ ਇਸ ਉਪਰਾਲੇ ਨੂੰ ਸਹਿਯੋਗ ਦੇਣ ਲਈ ਸਭ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਅਸੀਂ ਕਿੰਨੇ ਖੁਸ਼ਕਿਸਮਤ ਹਾਂ ਕਿ ਸਾਨੂੰ ਉਸ ਦੇਸ਼ ਵਿੱਚ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ ਹੈ ਜਿੱਥੇ ਅਸੀਂ ਧਰਮ ਅਤੇ ਆਪਣੇ ਸੱਭਿਆਚਾਰ ਨੂੰ ਖੁੱਲ ਕੇ ਮਾਣ ਰਹੇ ਹਾਂ। ਰਵੀ ਜਨਾਗਲ ਨੇ ਇੱਕ ਗੀਤ ਰਾਹੀਂ ਅੱਜ ਦੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਅਤੇ ਰਸ਼ਪਾਲ ਬੋਪਾਰਾਏ ਨੇ ਆਪਣੇ ਕੀਮਤੀ ਵਿਚਾਰ ਸਾਂਝੇ ਕੀਤੇ। ਗੁਰਦਿਆਲ ਸਿੰਘ ਖਹਿਰਾ ਨੇ ਸਾਲ ਦੇ 12 ਮਹੀਨਿਆਂ ਨੂੰ ਕਵਿਤਾ ਰਾਹੀਂ ਬਿਆਨ ਕੀਤਾ। ਬਲਵਿੰਦਰ ਸਿੰਘ ਬਿਰਦੀ ਨੇ ਜ਼ਿੰਦਗੀ ਦੀ ਸੱਚਾਈ ਬਾਬਤ ਜਾਣਕਾਰੀ ਭਰਪੂਰ ਕਵਿਤਾ ਸੁਣਾਈ। ਲਖਵਿੰਦਰ ਸਿੰਘ ਮਾਨ ਨੇ ਗਜ਼ਲ ਅਤੇ ਸਤਵਿੰਦਰ ਕੌਰ ਫਰਵਾਨ ਨੇ ਸਰੀਲੀ ਆਵਾਜ਼ ਵਿੱਚ ਗੀਤ ਪੇਸ਼ ਕੀਤਾ ਜਦੋਂ ਕਿ ਹਰਚੰਦ ਸਿੰਘ ਹੋਰਾਂ ਨੇ ਚੁਟਕਲਿਆਂ ਦੇ ਨਾਲ ਨਾਲ ਇੱਕ ਨਜ਼ਮ ਵੀ ਸਾਂਝੀ ਕੀਤੀ। ਮਹਿੰਦਰ ਸਿੰਘ ਮੁੰਡੀ ਦੀ ਪੇਸ਼ਕਾਰੀ ਵਿੱਚ ਪੁਰਾਣੇ ਸਮੇਂ ਦੀ ਸੱਚਾਈ ਨਜ਼ਰ ਆ ਰਹੀ ਸੀ। ਪ੍ਰੋਗਰਾਮ ਦੇ ਦੂਸਰੇ ਹਿੱਸੇ ਵਿੱਚ ਤੰਬੋਲਾ ਖੇਡ ਖੇਡੀ ਗਈ ਜਿਸ ਵਿੱਚ ਚਾਰ ਜੇਤੂ ਮੈਂਬਰਾਂ ਨੂੰ ਮਾਣ ਵਜੋਂ ਇਨਾਮ ਵੀ ਦਿੱਤੇ ਗਏ। ਇਸ ਪ੍ਰੋਗਰਾਮ ਵਿੱਚ ਹਾਸਿਆਂ ਦੇ ਬਾਦਸ਼ਾਹ ਕੈਲਗਰੀ ਵੱਸਦੇ ਤਰਲੋਕਚੁਗ ਨੇ ਵੀ ਆਪਣੀ ਹਾਜ਼ਰੀ ਲਗਵਾਈ। ਇਸ ਪਿਕਨਿਕ ਵਿੱਚ ਗਰਮਾ ਗਰਮ ਖਾਣੇ ਦਾ ਆਨੰਦ ਮਾਣਦਿਆਂ ਸਾਰਿਆਂ ਨੇ ਅੱਜ ਦੀ ਪਿਕਨਿਕ ਨੂੰ ਆਪਣੋ ਆਪਣੀ ਜ਼ਿੰਦਗੀ ਦੇ ਰਜਿਸਟਰ ਵਿੱਚ ਇੱਕ ਯਾਦਗਾਰੀ ਦਿਨ ਵੱਜੋਂ ਦਰਜ਼ ਕਰਵਾਇਆ।

# ਡਾਕਟਰ ਬਲਜਿੰਦਰ ਸਿੰਘ ਸੇਖੋਂ ਅਤੇ ਪ੍ਰਿਥੀਪਾਲ ਸਿੰਘ ਰੰਧਾਵਾ ਸਬੰਧੀ ਸ਼ਰਧਾਜ਼ਲੀ ਸਮਾਗਮ ਹੋਏ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਤਰਕਸ਼ੀਲ ਸੋਸਾਇਟੀ ਕੈਲਗਰੀ ਦੇ ਦਫਤਰ ਵਿੱਚ ਡਾਕਟਰ ਬਲਜਿੰਦਰ ਸਿੰਘ ਸੇਖੋਂ ਅਤੇ ਸਰਦਾਰ ਪਿਰਥੀਪਾਲ ਸਿੰਘ ਰੰਧਾਵਾ ਨਾਲ ਸਬੰਧਤ ਸ਼ਰਧਾਂਜਲੀ ਸਮਾਰੋਹ ਮੌਕੇ ਪ੍ਰਧਾਨ ਦਰਸ਼ਨ ਔਜਲਾ ਨੇ ਕਿਹਾ ਕਿ ਡਾਕਟਰ ਬਲਜਿੰਦਰ ਸਿੰਘ ਸੇਖੋਂ ਦਾ ਤਰਕਸ਼ੀਲ ਸੋਸਾਇਟੀ ਕਨੇਡਾ ਦੇ ਸੰਵਿਧਾਨ ਲਿਖਣ ਵਿੱਚ ਬਹੁਤ ਵੱਡਾ ਰੋਲ ਸੀ, ਉਹ ਇੰਟਰਨੈਸ਼ਨਲ ਲੈਵਲ ਤੇ ਕੰਮ ਕਰਨ ਵਾਲੇ ਬਹੁਤ ਹੀ ਚੰਗੇ ਇਨਸਾਨ ਸਨ, ਉਹਨਾਂ ਦੀ ਇਹ ਦੇਣ ਕਦੀ ਵੀ ਭੁੱਲੀ ਨਹੀਂ ਜਾ ਸਕਦੀ। ਨਵਤੇਜ ਧਾਲੀਵਾਲ ਨੇ ਦੱਸਿਆ ਕਿ ਪ੍ਰਿਥੀਪਾਲ ਰੰਧਾਵਾ ਦਾ ਅੱਜ 45ਵਾਂ ਸ਼ਹੀਦੀ ਦਿਹਾੜਾ ਹੈ, ਉਹਨਾਂ ਦੀ ਸ਼ਹੀਦੀ 18 ਜੁਲਾਈ ਨੂੰ ਹੋਈ ਸੀ। ਬਿਕਰ ਸਿੰਘ ਹੋਰਾਂ ਨੇ ਦੱਸਿਆ ਡਾ: ਸੇਖੋਂ ਨੇ ਮਾਨਸਾ ਜ਼ਿਲ੍ਹੇ ਦੇ ਇੱਕ ਪਿੰਡ ਵਿੱਚੋਂ ਉੱਠ ਕੇ ਦੁਨੀਆਂ ਦੀ ਇੱਕ ਦੀ ਸਿਰਮੌਰ ਸੰਸਥਾ ਪੰਜਾਬ ਯੂਨੀਵਰਸਿਟੀ ਲੁਧਿਆਣਾ ਦੇ ਵਿੱਚੋਂ ਕੀਟ ਵਿਗਿਆਨ ਵਿਗਿਆਨ ਇਟਮੋਲਜੀ ਦੇ ਵਿੱਚ ਪੀਐਚਡੀ ਦੀ ਡਿਗਰੀ ਲਈ । ਮਾਸਟਰ ਭਜਨ ਗਿੱਲ ਹੋਰਾਂ ਦੱਸਿਆ ਕਿਸ ਤਰ੍ਹਾਂ ਪਿਰਥੀਪਾਲ ਸਿੰਘ ਰੰਧਾਵਾਂ ਨੂੰ ਉਸ ਸਮੇਂ ਦੇ ਚਾਰ ਗੁੰਡਿਆਂ ਨੇ ਰਾਜਨੀਤਿਕ ਸ਼ਹਿ 'ਤੇ ਚੱਕਿਆ ਅਤੇ ਉਹਨਾਂ ਨੂੰ ਤਸੀਹੇ ਦੇ ਕੇ ਮਾਰਿਆ। ਗੁਰਚਰਨ ਕੌਰ ਥਿੰਦ ਨੇ ਇੱਕ ਕਵਿਤਾ ਵੀ ਪੜ੍ਹੀ। ਧਰਮ ਸਿੰਘ ਗਿੱਲ ਤੇ ਦੀਪ ਬਰਾੜ ਨੇ ਇਨਕਲਾਬੀ ਗੀਤ ਪੇਸ਼ ਕੀਤਾ। ਬੀਰਬਲ ਭਦੌੜ ਅਨੁਸਾਰ ਮੈਂਨੂੰ ਪਿਛਲੇ ਤਿੰਨ ਕੁ ਸਾਲ ਤੋਂ ਨੈਸ਼ਨਲ ਬਾਡੀ ਵਿੱਚ ਡਾ: ਸੇਖੋਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ।

ਜਗਮੀਤ ਸਿੰਘ ਪੰਧੇਰ ਨੇ ਦੱਸਿਆ ਕਿ ਰੰਧਾਵਾ ਪੜ੍ਹਾਈ ਵਿੱਚ ਇੰਨਾਂ ਹੋਸ਼ਿਆਰ ਸੀ ਤੇ ਹਰੇਕ ਸਮੈਸਟਰ ਦੇ ਵਿੱਚ ਉਹਨਾਂ ਦੀ ਸਕਾਲਰਸ਼ਿਪ ਆਉਂਦੀ ਸੀ। ਪਰਮਜੀਤ ਸਿੰਘ ਭੰਗੂ ਨੇ ਆਪਣੀ ਕਵਿਤਾ ਪੇਸ਼ ਕੀਤੀ । ਸੁਰਿੰਦਰ ਸਿੰਘ ਚਾਹਲ ਨੇ ਦੱਸਿਆ ਕਿ ਕਿਸ ਤਰਾਂ ਉਹਨਾਂ ਦੀ ਡਾਕਟਰ ਬਲਜਿੰਦਰ ਸੇਖੋਂ ਨਾਲ ਉਹਨਾਂ ਦੀ ਨੇੜਤਾ ਸੀ। ਬਲਜੀਤ ਬੁੱਟਰ ਨੇ ਬੜੇ ਹੀ ਵਿਸਥਾਰ ਨਾਲ ਕਮਿਊਨਿਸਟ ਲਹਿਰ, ਨਾਲ ਜੁੜੀਆਂ ਵਿਦਿਆਰਥੀ ਜੀਵਨ ਦੀਆਂ ਸਾਂਝਾਂ ਸਰੋਤਿਆਂ ਦੇ ਨਾਲ ਸਾਂਝੀਆਂ ਕੀਤੀਆਂ। ਮੀਟਿੰਗ ਵਿੱਚ ਤਰਨਜੀਤ ਔਜਲਾ, ਸੁਖਦੇਵ ਸਿੱਧੂ, ਸੁਰਜਨ ਸਹੋਤਾ,ਰੁਪਿੰਦਰ ਸਿੰਘ,ਐਸ ਐਸ ਥਿੰਦ, ਸਰਦੂਲ ਸਿੰਘ ,ਜਸਵੰਤ ਸ਼ਰਮਾ, ਸਤਿਨਾਮ ਸ਼ੇਰਗਿਲ, ਮਨਪ੍ਰੀਤ ਗਿੱਲ, ਜਸਪਾਲ ਸਿੰਘ , ਜਸਵੀਰ ਵਾਲੀਆਂ,ਮੀਤ ਪ੍ਰਧਾਨ ਗੁਰਨਾਮ ਮਾਨ, ਸੁਰਿੰਦਰ ਸ਼ਰਮਾ, ਲਖਵੀਰ ਸਿੱਧੂ ,ਪ੍ਰੀਤਮ ਅਮਰਜੀਤ ਸਿੰਘ ਧਾਲੀਵਾਲ, ਅਮਰਜੀਤ ਸਿੰਘ, ਜਗਜੀਤ ਤੇਜਾ, ਫਾਇਨੈਨਸ਼ੀਅਲ ਸਕੱਤਰ ਗੋਪਾਲ ਕਾਉਂਕੇ, ਜਰਨੈਲ ਤੱਗੜ, ਤੇ ਤਰਨਜੀਤ ਮੰਡ ਨੇ ਹਿੱਸਾ ਲਿਆ ।

# 28ਵਾਂ ਕਿੰਗਜ਼ ਗੋਲਡ ਕੱਪ ਹਾਕੀ ਟੂਰਨਾਮੈਂਟ 15 ਤੋਂ 17 ਅਗਸਤ ਤੱਕ -ਪੋਸਟਰ ਰਿਲੀਜ਼

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਸਭ ਤੋਂ ਪੁਰਾਣੇ ਫੀਲਡ ਹਾਕੀ ਕਲੱਬ ਕਿੰਗਸ ਇਲੈਵਨ ਫੀਲਡ ਹਾਕੀ ਸੁਸਾਇਟੀ ਵੱਲੋਂ 15 ਤੋਂ 17 ਅਗਸਤ ਤੱਕ ਕੈਲਗਰੀ ਯੂਨੀਵਰਸਿਟੀ ਦੀਆਂ ਹਾਕਿਨਜ਼ ਫੀਲਡਜ਼ ਵਿੱਚ 28ਵਾਂ ਕਿੰਗਜ਼ ਗੋਲਡ ਕੱਪ ਹਾਕੀ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਕਲੱਬ ਮੈਂਬਰਾਂ ਵੱਲੋਂ ਔਜਲਾ ਰੈਸਟੋਰੈਂਟ ਉੱਪਰ ਇਸ ਸਬੰਧੀ ਜਾਣਕਾਰੀ ਦਿੰਦਾ ਪੋਸਟਰ ਰਿਲੀਜ਼ ਕੀਤਾ ਗਿਆ



। ਕਲੱਬ ਦੇ ਪ੍ਰਬੰਧਕਾਂ ਨੇ ਪੰਜਾਬੀ ਅਖ਼ਬਾਰ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਅਲਬਰਟਾ ਵਿੱਚ ਪਹਿਲੀ ਵਾਰ ਇਲੈਵਨ ਏ ਸਾਈਡ ਆਊਟਡੋਰ ਫੀਲਡ ਹਾਕੀ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਵੱਖ-ਵੱਖ ਕੈਟਾਗਰੀਆਂ ਅਧੀਨ ਮੈਚ ਕਰਵਾਏ ਜਾਣਗੇ ਇਸ ਤੋਂ ਇਲਾਵਾ ਰੱਸਾਕਸ਼ੀ ਅਤੇ ਲੋਕ ਨਾਚ ਵੀ ਹੋਣਗੇ ਅਤੇ ਮੁਫਤ ਭੋਜਨ ਦਾ ਵੀ ਪ੍ਰਬੰਧ ਹੋਵੇਗਾ।

# ਗਾਜ਼ਾ 'ਤੇ ਇਜ਼ਰਾਇਲੀ ਹਮਲਿਆਂ 'ਚ 40 ਫ਼ਲਸਤੀਨੀ ਹਲਾਕ

ਗਾਜ਼ਾ (ਪੰਜਾਬੀ ਅਖਬਾਰ ਬਿਊਰੋ)- ਗਾਜ਼ਾ 'ਚ ਇਜ਼ਰਾਇਲੀ ਗੋਲੀਬਾਰੀ ਅਤੇ ਹਵਾਈ ਹਮਲਿਆਂ ਦੌਰਾਨ ਰਾਹਤ ਸਮੱਗਰੀ ਉਡੀਕਦੇ 10 ਲੋਕਾਂ ਸਣੇ ਘੱਟੋ-ਘੱਟ 40 ਫਲਸਤੀਨੀ ਮਾਰੇ ਗਏ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਪੰਜ ਹੋਰਨਾਂ ਦੀ ਮੌਤ ਭੁੱਖਮਰੀ ਕਾਰਨ ਹੋਈ ਹੈ। ਸਥਾਨਕ ਡਾਕਟਰਾਂ ਨੇ ਕਿਹਾ ਕਿ ਅਮਰੀਕਾ ਸਮਰਥਿਤ ਗਾਜ਼ਾ ਹਿਊਮਨਟੇਰੀਅਨ ਫਾਊਂਡੇਸ਼ਨ (ਜੀਐੱਚਐੱਫ) ਨਾਲ ਸਬੰਧਤ ਸਹਾਇਤਾ ਕੇਂਦਰਾਂ ਨੇੜੇ ਦੋ ਵੱਖ-ਵੱਖ ਘਟਨਾਵਾਂ 'ਚ 10 ਵਿਅਕਤੀ ਮਾਰੇ ਗਏ। ਸੰਯੁਕਤ ਰਾਸ਼ਟਰ ਨੇ ਕਿਹਾ ਕਿ ਮਈ ਮਹੀਨੇ ਜੀਐੱਚਐੱਫ ਦਾ ਸੰਚਾਲਨ ਸ਼ੁਰੂ ਹੋਣ ਮਗਰੋਂ ਐਨਕਲੇਵ 'ਚ ਸਹਾਇਤਾ ਸਮੱਗਰੀ ਲੈਣ ਦੀ ਕੋਸ਼ਿਸ਼ ਦੌਰਾਨ 1,000 ਤੋਂ ਵੱਧ ਲੋਕ ਮਾਰੇ ਗਏ ਹਨ। ਇਨ੍ਹਾਂ ਵਿਚੋਂ ਬਹੁਤਿਆਂ ਨੂੰ ਜੀਐੱਚਐੱਫ ਦੇ ਕੇਂਦਰਾਂ ਨੇੜੇ ਇਜ਼ਰਾਇਲੀ ਬਲਾਂ ਵੱਲੋਂ ਗੋਲੀਆਂ ਮਾਰੀਆਂ ਗਈਆਂ ਹਨ।












# ਲੌਂਗ ਪੇਕਿਆਂ ਸੰਧਾਰੇ ਵਿੱਚ ਘੱਲਿਆ ਕਿ ਸੂਰਜਾਂ ਦਾ ਨਗ ਜੜਿਆ





ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਸੀਨੀਅਰਜ਼ ਸੋਸਾਇਟੀ ਦੀ ਮੀਟਿੰਗ 23 ਜੁਲਾਈ ਨੂੰ ਲਿਵਿੰਗਸਟਨ ਕਮਿਊਨਿਟੀ ਸੈਂਟਰ ਵਿਖੇ ਸੰਤੋਖ ਸਿੰਘ ਕੰਦੋਲਾ, ਕੁਲਵੰਤ ਰਾਏ ਸ਼ਰਮਾ ਅਤੇ ਕਰਮ ਸਿੰਘ ਭੁੱਲਰ ਦੀ ਪ੍ਰਧਾਨਗੀ ਹੇਠ ਹੋਈ। ਬਲਵਿੰਦਰ ਕੌਰ ਨੇ ਸ਼ਬਦ ਗਾਇਨ ਕੀਤਾ। ਪ੍ਰਧਾਨ ਸੰਤੋਖ ਸਿੰਘ ਕੰਦੋਲਾ ਨੇ ਸਾਰਿਆਂ ਨੂੰ ਜੀਅ ਆਇਆਂ ਕਹਿਣ ਮਗਰੋਂ ਤੀਆਂ ਦੇ ਤਿਉਹਾਰ ਬਾਰੇ ਵਿਚਾਰ ਰੱਖੇ। ਸਕੱਤਰ ਜਸਪਾਲ ਕੰਗ ਨੇ ਤੀਆਂ ਦੇ ਪਿਛੋਕੜ ਅਤੇ ਤਿਉਹਾਰਾਂ ਦੇ ਮਹੱਤਵ ਬਾਰੇ ਵਿਚਾਰ ਪ੍ਰਗਟ ਕੀਤੇ। ਕੌਂਸਲਰ ਰਾਜ ਧਾਲ਼ੀਵਾਲ਼ ਨੇ ਤੀਆਂ ਦੇ ਤਿਉਹਾਰ ਨੂੰ ਸਾਡੇ ਵਿਰਸੇ ਨਾਲ਼ ਜੋੜਿਆ। ਉਸ ਨੇ ਆਪਣੇ ਕਾਰਜ ਕਾਲ ਸਮੇਂ ਲੋਕਾਂ ਲਈ ਕੀਤੇ ਕੰਮਾਂ ਦਾ ਮੋਟਾ ਵੇਰਵਾ ਦਿੱਤਾ ਅਤੇ ਅਗਲੇ ਸਾਲਾਂ ਦੌਰਾਨ ਇਸ ਤੋਂ ਵੀ ਵੱਧ ਕਰਨ ਦਾ ਯਕੀਨ ਦਿਵਾਇਆ। ਜੁਲਾਈ ਵਿਚ ਜਨਮਦਿਨ ਵਾਲੇ ਮੈਂਬਰਾਂ ਨੂੰ ਸੁਗਾਤਾਂ ਦੇ ਕੇ ਵਧਾਈਆਂ ਦਿੱਤੀਆਂ ਗਈਆਂ। ਚਰਨਜੀਤ ਕੌਰ ਬਾਜਵਾ ਨੇ ਤੀਆਂ ਦੇ ਇਸ ਗੀਤ ਨੂੰ ਸੁਰੀਲੀ ਆਵਾਜ਼ ਵਿੱਚ ਪੇਸ਼ ਕਰ ਕੇ ਤੀਆਂ ਦਾ ਦ੍ਰਿਸ਼ ਸਾਕਾਰ ਕਰ ਦਿੱਤਾ - ਲੌਂਗ ਪੇਕਿਆਂ ਸੰਧਾਰੇ ਵਿਚ ਘੱਲਿਆ ਕਿ ਸੂਰਜਾਂ ਦਾ ਨਗ ਜੜਿਆ। ਮੁਨੱਵਰ ਅਹਿਮਦ ਨੇ ਫਿਲਮੀ ਗੀਤ ਦੀ ਕਮਾਲ ਦੀ ਪੇਸ਼ਕਾਰੀ ਰਾਹੀ ਦਰਸ਼ਕਾਂ ਨੂੰ ਕੀਲਿਆ। ਤਾਰਿਕ ਮਲਿਕ ਨੇ ਔਰਤ ਦੀ ਸਿਫ਼ਤ ਵਿੱਚ ਗ਼ਜ਼ਲ ਫੁਰਮਾਈ। ਕੁਲਵੰਤ ਕੌਰ ਦੀ ਕਵਿਤਾ ਦੇ ਬੋਲ ਸਨ - ਜਿਸ ਕੋ ਪਾ ਨਹੀਂ ਸਕਤੀ, ਉਸ ਕੀ ਸੋਚ ਮੇਂ ਭੀ ਖ਼ੁਸ਼ ਹੂੰ। ਰਮਨ ਗਿੱਲ ਨੇ ਗੁਰਭਜਨ ਗਿੱਲ ਅਤੇ ਤੇਜ ਪ੍ਰਤਾਪ ਸਿੰਘ ਸੰਧੂ ਦੀ ਕਿਤਾਬ 'ਪੱਤੇ ਪੱਤੇ ਲਿਖੀ ਇਬਾਰਤ' ਬਾਰੇ ਜਾਣਕਾਰੀ ਦਿੱਤੀ ਜੋ ਆਪਣੇ ਆਪ ਵਿੱਚ ਵਾਤਾਵਰਣ ਬਾਰੇ ਇੱਕ ਵਚਿੱਤਰ ਪੁਸਤਕ ਹੈ॥ ਜਸਵੰਤ ਸਿੰਘ ਕਪੂਰ ਨੇ ਸਾਉਣ ਮਹੀਨੇ ਪੈਂਦੀਆਂ ਠੰਢੀਆਂ ਫੁਹਾਰਾਂ ਨੂੰ ਤੀਆਂ ਨਾਲ਼ ਜੋੜ ਕੇ ਇਸ ਨੂੰ ਰੱਬ ਦਾ ਵਰਦਾਨ ਦੱਸਿਆ। ਰਾਜੇਸ਼ ਅੰਗਰਾਲ਼ ਨੇ ਤੀਆਂ ਦੇ ਤਿਉਹਾਰ ਦੀ ਵਧਾਈ ਦਿੱਤੀ, ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ। ਤਰਲੋਕ ਚੁੱਘ ਨੇ ਰੱਬ 'ਤੇ ਕੇਂਦ੍ਰਿਤ ਚੁਟਕਲੇ ਸੁਣਾ ਕੇ ਸਾਉਣ ਦੇ ਇਸ ਮਹੀਨੇ ਵਿਚ ਹਾਸਿਆਂ ਦੀ ਝੜੀ ਲਾਈ। ਜਗਦੇਵ ਸਿੱਧੂ ਨੇ ਤੀਆਂ ਦਾ ਪਿਛੋਕੜ ਦੱਸਿਆ ਅਤੇ ਤੀਆਂ ਵਿੱਚ ਪੈਣ ਵਾਲ਼ੀਆਂ ਚੋਣਵੀਆਂ ਲੋਕ-ਬੋਲੀਆਂ ਸੁਣਾਈਆਂ। ਇਸ ਮਗਰੋਂ ਸਭਾ ਨੂੰ ਹੋਰ ਵੀ ਵਧੇਰੇ ਸੁਚਾਰੂ ਢੰਗ ਨਾਲ਼ ਚਲਾਉਣ ਬਾਰੇ ਵਿਚਾਰਾਂ ਹੋਈਆਂ। ਪ੍ਰਧਾਨ ਸੰਤੋਖ ਸਿੰਘ ਕੰਦੋਲਾ ਨੇ ਸਾਰਿਆਂ ਦੇ ਸਹਿਯੋਗ ਨੂੰ ਸਲਾਹਿਆ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ। ਜਸਪਾਲ ਕੰਗ ਨੇ ਬੜੀ ਮੁਹਾਰਤ ਨਾਲ਼ ਕਾਰਵਾਈ ਚਲਾਉਂਦਿਆਂ ਵਿੱਚੇ-ਵਿੱਚ ਕਾਵਿ-ਟੋਟਕੇ ਅਤੇ ਚੁਟਕਲੇ ਸੁਣਾ ਕੇ ਦਰਸ਼ਕਾਂ ਨੂੰ ਪੂਰੇ ਪ੍ਰੋਗਰਾਮ ਨਾਲ਼ ਜੋੜੀ ਰੱਖਿਆ।

## ਮਲਟੀਕਲਚਰਲ ਸੀਨੀਅਰਜ ਸੋਸਾਇਟੀ ਦੇ ਮੈਂਬਰਾਂ ਨੇ ਕੈਨਮੋਰ ਦਾ ਟੂਰ ਕੀਤਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮਲਟੀਕਲਚਰਲ ਸੀਨੀਅਰਜ ਸੋਸਾਇਟੀ ਕੈਲਗਰੀ ਵੱਲੋ ਹਲ ਸਾਲ ਦੀ ਤਰਾਂ ਇਸ ਸਾਲ ਵੀ ਟੂਰ ਪ੍ਰੋਗਰਾਮ ਬਜੁਰਗਾਂ ਨੂੰ ਮੈਕਨਾਈਟ ਰੇਲਵੇ ਸਟੇਸ਼ਨ ਦੀ ਪਾਰਕਿੰਗ ਵਿੱਚ ਇਕੱਠੇ ਹੋਣ ਲਈ ਸੱਦਾ ਸੀ। ਟੂਰਿਸਟ ਬੱਸ ਦੀਆਂ ਕੁੱਝ ਸੀਟਾਂ ਕਮੇਟੀ ਅਹੁਦੇਦਾਰ, ਸਪੈਸ਼ਲ ਇਨਵਾਈਟੀ ਅਤੇ ਬਜ਼ੁਰਗਾਂ ਲਈ ਰਿਜਰਵ ਕੀਤੀਆਂ ਗਈਆਂ ਸਨ। ਸਭ ਦੀ ਹਾਜਰੀ ਲਗਾਈ ਗਈ। 09: 30 ਵਜੇ ਜੈਕਾਰਿਆਂ ਦੀ ਗੂੰਜ ਵਿੱਚ ਬੱਸ ਦੀ ਰਵਾਨਗੀ ਹੋਈ। ਕਰੀਬ ਦੋ ਘੰਟਿਆ ਦਾ ਸਫਰ ਤਹਿ ਕਰਨ ਉਪਰੰਤ ਤਹਿ ਸ਼ੁਦਾ ਮੰਜ਼ਿਲ ਕੈਨਮੋਰ ਵਿਖੇ ਪਹੁੰਚ ਗਏ। ਬਜੁਰਗਾਂ ਨੇ ਪੈਦਲ ਜਾ ਕੇ ਕੁਦਰਤ ਦੀ ਖ਼ੂਬਸੂਰਤੀ ਦਾ ਅਨੰਦ ਮਾਣਿਆ। ਬਾਅਦ ਦੁਪਹਿਰ 1:30 ਵਜੇ ਸਾਰਿਆਂ ਨੇ ਗਰਮ ਗਰਮ ਸਵਾਦਿਸ਼ਟ ਲੰਚ ਦਾ ਭਰਪੂਰ ਅਨੰਦ ਮਾਣਿਆ। ਚਹਿਲ ਕਦਮੀ ਕਰਦੇ ਹੋਏ ਖਾਣੇ ਨੂੰ ਹਜਮ ਕਰਨ ਦੀ ਕੋਸ਼ਿਸ਼ ਕੀਤੀ ਗਈ। ਉਸ ਤੋ ਬਾਅਦ ਗਰਮ ਗਰਮ ਚਾਹ ਦਾ ਸਨੈਕਸ ਨਾਲ ਅਨੰਦ ਮਾਣਿਆ। ਗੱਲਾਂ ਬਾਤਾਂ ਤੇ ਮਨੋਰੰਜਨ ਪ੍ਰੋਗਰਾਮ ਦਾ ਆਨੰਦ ਮਾਨਣ ਤੇ ਉਪਰੰਤ ਤਹਿ ਸ਼ੁਦਾ ਸਮੇਂ ਮੁਤਾਬਕ ਸਾਰੇ ਸੀਨੀਅਰਜ ਬੱਸ ਵਿੱਚ ਸਵਾਰ ਹੋ ਵਾਪਸੀ ਦੀ ਮੰਜ਼ਲ ਵਲ ਚਾਲੇ ਪਾ ਦਿੱਤੇ। ਕੁੱਲ ਮਿਲਾਕੇ ਟੂਰ ਬਹੁਤ ਵਧੀਆ ਅਤੇ ਬਜੁਰਗਾਂ ਦੀ ਆਊਟਿੰਗ ਦਾ ਖੂਬਸੂਰਤ ਜਰੀਆ ਬਣਿਆ।

## ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਨੇ ਦਰਿਆ ਕਿਨਾਰੇ ਤੀਆਂ ਮਨਾਈਆਂ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਪਿਕਨਿਕ ਐਡਵਰਦੀ ਪਾਰਕ ਵਿੱਚ ਤੀਆਂ ਦੇ ਲੇਖੇ ਲੱਗੀ। ਰਿਕਾਰਡ ਕੀਤਾ ਸ਼ਬਦ ਸਰਵਣ ਕਰਨ ਮਗਰੋਂ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਆਏ ਮਹਿਮਾਨਾਂ ਦਾ ਤੁਆਰਫ਼ ਕਰਵਾ ਕੇ ਸਾਉਣ ਦੇ ਮਹੀਨੇ, ਤੀਆਂ ਦੇ ਤਿਉਹਾਰ, ਸ਼ਿਵ ਕੁਮਾਰ ਬਟਾਲਵੀ ਦੇ ਜਨਮ ਦਿਨ ਅਤੇ ਕਾਮਾਗਾਟਾ ਮਾਰੂ ਜਹਾਜ਼ (ਗੁਰੂ ਨਾਨਕ ਜਹਾਜ਼) ਦੇ ਵਾਪਸ ਪਰਤਣ ਬਾਰੇ ਸੰਖੇਪ ਵੇਰਵੇ ਦਿੱਤੇ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਬ੍ਰੇਨ-ਡੇ ਬਾਰੇ ਦਸਦਿਆਂ ਕਿਹਾ ਕਿ ਤਣਾਅ-ਮੁਕਤ ਰਹਿਣ ਲਈ ਖ਼ੁਸ਼ ਰਹਿਣਾ ਜ਼ਰੂਰੀ ਹੈ। ਅਗਲੇ ਮਹੀਨੇ ਜਾਣ ਵਾਲ਼ੇ ਪਿਕਨਿਕ ਟੂਰ ਦੀ ਵੀ ਜਾਣਕਾਰੀ ਦਿੱਤੀ। ਜੁਲਾਈ ਮਹੀਨੇ ਪੈਂਦੇ ਜਨਮ ਦਿਨ ਵਾਲ਼ੇ ਮੈਂਬਰਾਂ ਨੂੰ ਤੁਹਫ਼ੇ ਦੇ ਕੇ ਮੁਬਾਰਕਾਂ ਦਿੱਤੀਆਂ। ਹਰਿੰਦਰ ਕੌਰ ਮੁੰਡੀ ਨੇ ਗੱਲਾਂ'ਚੋਂ ਗੱਲਾਂ ਕੱਢ ਕੇ ਸੁਣਾਈਆਂ। ਮੁਨੱਵਰ ਅਹਿਮਦ ਨੇ ਥਾਲ਼ੀ ਦੀ ਤਾਲ 'ਤੇ ਗੀਤ ਸੁਣਾਇਆ। ਸੁਖਮੰਦਰ ਗਿੱਲ ਨੇ ਹਾਰਮੋਨੀਅਮ ਦੀਆਂ ਧੁਨਾਂ 'ਤੇ ਆਪਣਾ ਗਾਣਾ ਗਾਇਆ। ਮਹਿਮਾਨ ਕਰਮ ਸਿੰਘ ਨੇ ਮੀਟਿੰਗ ਵਿਚ ਹਰੇਕ ਰੰਗ ਮਾਨਣ 'ਤੇ ਖ਼ੁਸ਼ੀ ਪ੍ਰਗਟਾਈ। ਚਰਨਜੀਤ ਕੌਰ ਬਾਜਵਾ ਨੇ ਗੀਤ ਗਾ ਕੇ ਨਰਿੰਦਰ ਬੀਬਾ ਦੀ ਯਾਦ ਤਾਜ਼ਾ ਕਰਵਾਈ। ਲਖਵਿੰਦਰ ਸਿੰਘ ਪਟਿਆਲਵੀ ਨੇ ਦੇਸ਼-ਵੰਡ ਤੋਂ ਲੈ ਕੇ ਹੁਣ ਤੱਕ ਪੰਜਾਬ ਦੇ ਹੰਢਾਏ ਸੰਤਾਪ ਨੂੰ ਆਪਣੀ ਲੰਮੀ ਕਵਿਤਾ ਰਾਹੀਂ ਕਲਾਮਈ ਤਰੀਕੇ ਨਾਲ਼ ਪੇਸ਼ ਕੀਤਾ। ਰੈਡ ਐਫ ਐਮ ਰੇਡੀਓ ਦੇ ਚੀਫ਼ ਨਿਊਜ਼ ਡਾਇਰੈਕਟਰ ਰਿਸ਼ੀ ਨਾਗਰ ਨੇ ਦਰਖਤ ਤੋਂ ਉਤਰਦੇ ਆਦਮੀ ਦੁਆਰਾ ਸੁੱਖਾਂ ਸੁੱਖਣ ਅਤੇ ਮੁਕਰਨ ਦੇ ਵਤੀਰੇ ਨੂੰ ਵਿਅੰਗਮਈ ਤਰੀਕੇ ਨਾਲ਼ ਪੇਸ਼ ਕੀਤਾ। ਭਜਨ ਸਿੰਘ ਸਾਗੂ ਨੇ ਹਾਸਰਸ ਬਿਖੇਰਨ ਵਿੱਚ ਕਸਰ ਨਹੀਂ ਛੱਡੀ। ਗੁਰਜੀਤ ਕੌਰ ਬਾਵੇਜਾ ਨੇ ਧਾਰਮਿਕ ਰੰਗਣ ਦੀ ਕਵਿਤਾ ਸੁਣਾਈ। ਵਿਜੇ ਸਚਦੇਵਾ ਦਾ ਗੀਤ ਮੌਕੇ ਦਾ ਦ੍ਰਿਸ਼ ਪੇਸ਼ ਕਰ ਗਿਆ। ਪਰ ਮਗਰਲੇ ਅੱਧੇ ਘੰਟੇ ਵਿਚ ਤੀਆਂ ਦੇ ਗਿੱਧੇ ਨੇ ਪੂਰੀ ਫ਼ਿਜ਼ਾ ਨੂੰ ਨਸ਼ਿਆ ਕੇ ਰੱਖ ਦਿੱਤਾ। ਲੋਕਗੀਤਾਂ 'ਤੇ ਨੱਚਣ ਵਾਲ਼ੀਆਂ ਸਾਥਣਾਂ ਨੇ ਤੀਆਂ ਦਾ ਪਿੜ ਬੰਨ੍ਹਿਆਂ। ਪ੍ਰਧਾਨ ਸੁਰਿੰਦਰਜੀਤ ਪਲਾਹਾ ਦੁਆਰਾ ਸਾਰਿਆਂ ਦਾ ਧੰਨਵਾਦ ਕਰਨ ਉਪਰੰਤ ਸਭ ਨੇ ਲਜ਼ੀਜ਼ ਭੋਜਨ ਦਾ ਅਨੰਦ ਲਿਆ।

## ਸਾਊਥ ਏਸ਼ੀਅਨ ਕਨੇਡੀਅਨ ਐਸੋਸੀਏਸ਼ਨ ਕੈਲਗਰੀ ਦੀ ਮਿਲਣੀ ਯਾਦਗਾਰੀ ਰਹੀ





ਕੈਲਗਰੀ (ਪੰਜਾਬੀ ਅਖਬਾਰ ਬਿਊਰੋ ) ਬੀਤੇ ਦਿਨੀ ਸੰਸਥਾ ਦੇ ਮੀਤ ਪ੍ਰਧਾਨ ਹਰਦੀਪ ਸਿੰਘ ਸਿੱਧੂ ਦੀ ਪ੍ਰਧਾਨਗੀ ਵਿੱਚ ਮਹੀਨਾਵਾਰ ਮੀਟਿੰਗ ਮੌਕੇ ਜਿੱਥੇ ਸੰਸਥਾ ਦੇ ਮੈਂਬਰਾਂ ਦੇ ਜਨਮਦਿਨ ਮਨਾਏ ਗਏ ਉੱਥੇ ਨਾਲ ਹੀ ਐਸੋਸੀਏਸ਼ਨ ਦੇ ਪ੍ਰਧਾਨ ਸਹਿਮ ਸਹੋਤਾ ਦੀ ਦਾਦੀ ਜੀ,ਜੋ 112 ਸਾਲ ਦੀ ਉਮਰ ਭੋਗ ਕੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ, ਦੇ ਸਵਰਗਵਾਸ ਹੋਣ ਉਪਰੰਤ ਦੋ ਮਿੰਟ ਦਾ ਮੋਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਗੁਰਮੇਲ ਸਿੰਘ ਸੰਧੂ ਨੇ ਪਰਿਵਾਰ ਵਿੱਚ ਪਿਤਾ ਦੀ ਅਧਿਕਾਰਾਂ ਦੀ ਵਿਲੱਖਣਤਾ ਅਤੇ ਬਿਮਾਰੀਆਂ ਬਾਰੇ ਚਾਨਣਾ ਪਾਇਆ। ਬਲਵੀਰ ਕੌਰ ਹਜੂਰੀ ਨੇ ਕੈਨੇਡਾ ਬਾਰੇ ਕਵਿਤਾ ਬੋਲੀ।ਸੁਰਿੰਦਰ ਕੌਰ ਬੈਨੀਪਾਲ ਨੇ ਪਿਤਾ ਦਿਵਸ ਦੀ ਗੱਲ ਕਹੀ। ਹਰਜੀਤ ਕੌਰ ਜੌਹਲ ਨੇ ਵਿਸ਼ੇ ਤੋਂ ਹਟਦੇ ਹੋਏ ਨੂਰ ਮਹਿਲ ਦੀ ਮੋਰੀ ਬਾਰੇ ਜਾਣਕਾਰੀ ਸਾਂਝੀ ਕੀਤੀ। ਪਲਵਿੰਦਰ ਸਿੰਘ ਬੇਦੀ ਨੇ ਆਈਲੈਟਸ ਕਰਕੇ ਕਨੇਡਾ ਪਹੁੰਚਣ ਬਾਰੇ, ਜਸਵਿੰਦਰ ਕੌਰ ਬਰਾੜ ਨੇ ਅਣਜੰਮੀ ਧੀ ਦੀ ਪੁਕਾਰ ਬਾਰੇ ਅਤੇ ਹਰਚਰਨ ਸਿੰਘ ਨੇ ਕੈਨੇਡਾ ਸਬੰਧੀ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਜਗਦੀਸ਼ ਕੌਰ ਸਰੋਆ ਨੇ ਗੁਰੂ ਅਰਜਨ ਦੇਵ ਜੀ ਸ਼ਹੀਦੀ ਬਾਰੇ, ਅਮਰਜੀਤ ਕੌਰ ਗਰੇਵਾਲ ਨੇ ਕਨੇਡੀਅਨ ਜ਼ਿੰਦਗੀ ਦਾ ਕਵਿਤਾ ਰਾਹੀਂ ਵਰਨਣ ਕੀਤਾ। ਮਹਿੰਦਰ ਸਿੰਘ ਮੁੰਡੀ ਨੇ ਚੁਟਕਲੇ ਸੁਣਾਉਂਦਿਆਂ ਸਾਰੇ ਮੈਂਬਰਾਂ ਦਾ ਆਉਣ ਲਈ ਧੰਨਵਾਦ ਵੀ ਕੀਤਾ। ਸਟੇਜ ਸਕੱਤਰ ਦੀ ਜਿੰਮੇਵਾਰੀ ਗੁਰਮੇਲ ਸਿੰਘ ਸੰਧੂ ਨੇ ਨਿਭਾਈ। ਵਲੰਟੀਅਰ ਸੇਵਾ ਰਵਿੰਦਰ ਪਾਲ ਚਾਹਲ, ਮਹਿੰਦਰ ਸਿੰਘ ਸੰਧੂ, ਜਗਜੀਤ ਸਿੰਘ ਸੋਹੀ ਅਤੇ ਦਲਵੀਰ ਕੌਰ ਕੰਗ ਨੇ ਬਾਖੂਬੀ ਨਿਭਾਈ।

## ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਵੱਲੋਂ ਤੀਆਂ ਦਾ ਤਿਓਹਾਰ ਮਨਾਇਆ ਗਿਆ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਬੀਤੀ 25 ਜੁਲਾਈ ਨੂੰ ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਦੀਆਂ ਤਕਰੀਬਨ 120 ਸੀਨੀਅਰ ਔਰਤ ਮੈਂਬਰਾਂ ਤੇ ਉਹਨਾਂ ਦੀਆਂ ਰਿਸ਼ਤੇਦਾਰ ਸਾਥਣਾਂ ਨੇ ਬੜੇ ਜੋਸ਼ ਤੇ ਉਤਸ਼ਾਹ ਨਾਲ ਮੌਂਟਰੀ ਪਾਰਕ ਕਮਿਉਨਿਟੀ ਹਾਲ ਵਿੱਚ ਤੀਆਂ ਦਾ ਤਿਉਹਾਰ ਮਨਾਇਆ। ਚਰਖੇ, ਪੱਖੀਆਂ,ਬਾਗਾਂ ਤੇ ਫੁਲਕਾਰੀਆਂ ਨਾਲ ਸਜਿਆ ਹਾਲ ਪੂਰੀ ਤਰਾਂ ਪੰਜਾਬੀ ਸੱਭਿਆਚਾਰ ਤੇ ਵਿਰਸੇ ਦੇ ਰੰਗਾਂ ਵਿੱਚ ਰੰਗਿਆ ਜਾਪਦਾ ਸੀ। ਨੌਂ ਸੀਨੀਅਰ ਮੈਂਬਰਾਂ ਨੂੰ ਜਨਮ ਦਿਨ ਦੀਆਂ ਸ਼ੁਭਕਾਮਨਾਵਾਂ ਦੇਣ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਹੋਈ। ਮੁੱਖ ਮਹਿਮਾਨ ਲੀਸਾ ਰਹੀਮੀ (ਪਰੇਜੀਡੈਂਟ ਮੌਂਟਰੀ ਪਾਰਕ ਕਮਿਉਨਿਟੀ ਐਸੋਸੀਏਸ਼ਨ) ਨੂੰ ਉਹਨਾਂ ਦੁਆਰਾ ਪਿਛਲੇ ਅਠਾਰਾਂ ਸਾਲਾਂ ਤੋਂ ਨਿਭਾਈਆਂ ਜਾ ਰਹੀਆਂ ਨਿਰਸਵਾਰਥ ਸੇਵਾਵਾਂ ਲਈ ਪਾਰਲੀਮੈਂਟ ਮੈਂਬਰ ਜਸਰਾਜ ਸਿੰਘ ਹੱਲਣ ਤੇ ਦਲਵਿੰਦਰ ਸਿੰਘ ਗਿੱਲ ਨੇ ਸਨਮਾਨਿਤ ਕੀਤਾ। ਇਸ ਤੋਂ ਬਾਦ ਐਸੋਸੀਏਸ਼ਨ ਦੇ ਛੇ ਮੈਂਬਰਾਂ ਹਰਜਿੰਦਰ ਕੌਰ ਧਾਲੀਵਾਲ,ਅਮੀਤਾ ਕਾਲੀਆ, ਸ਼ਰਨ ਕੌਰ ਕੁਲਾਰ,ਸ਼ਰਨਜੀਤ ਕੌਰ ਹੇਅਰ, ਸਤਵੰਤ ਕੌਰ ਬਰਾੜ ਅਤੇ ਸੁਰਿੰਦਰ ਕਾਲੀਆ ਨੂੰ ਉਹਨਾਂ ਦੀਆਂ ਐਸੋਸੀਏਸ਼ਨ ਪ੍ਰਤੀ ਨਿਸ਼ਕਾਮ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ। ਇਹਨਾਂ ਰਸਮਾਂ ਤੋਂ ਬਾਦ ਇਹ ਹਾਲ ਗਿੱਧੇ ਦਾ ਪਿੜ ਬਣ ਗਿਆ ਤੇ ਸਾਰੇ ਸੀਨੀਅਰ ਮਰਦ ਮੈਂਬਰ ਦੂਸਰੇ ਹਾਲ ਵਿੱਚ ਜਾ ਬੈਠੇ ਜਿੱਥੇ ਉਹਨਾਂ ਦੇ ਮਨੋਰੰਜਨ ਦਾ ਬੰਦੋਬਸਤ ਕੀਤਾ ਗਿਆ ਸੀ। ਇਸ ਤਰਾਂ ਇੱਕ ਹਾਲ ਵਿੱਚ ਸੀਨੀਅਰ ਮੁਟਿਆਰਾਂ ਘੱਗਰੇ ਪਾ ਕੇ ਨੱਚਦੀਆਂ ਰਹੀਆਂ ਤੇ ਦੂਜੇ ਹਾਲ ਵਿੱਚ ਸਾਰੇ ਸੀਨੀਅਰ ਮਰਦ ਮੈਂਬਰ ਤਾਸ਼ ਖੇਡਦੇ ਰਹੇ, ਗੱਲਾਂ ਬਾਤਾਂ ਕਰਦੇ ਰਹੇ ਤੇ ਕੁੱਝ ਕੁ ਨੇ ਸਾਕੀ ਦੁਆਰਾ ਮੁਹੱਈਆ ਖਾਣਪੀਣ ਨਾਲ ਵੀ ਮਨੋਰੰਜਨ ਕੀਤਾ। ਸਮੇਂ ਦਾ ਪਤਾ ਹੀ ਨਹੀਂ ਲੱਗਿਆ ਕਦੋਂ ਨੌਂ ਵੱਜ ਗਏ , ਸਾਰਿਆਂ ਲਈ ਖਾਣਾ ਪਰੋਸਿਆ ਗਿਆ, ਪ੍ਰੋਗਰਾਮ ਦੀ ਸਮਾਪਤੀ ਹੋ ਗਈ ਤੇ ਮੌਂਟਰੀ ਪਾਰਕ ਦਾ ਤੀਆਂ ਦਾ ਇਹ ਮੇਲਾ ਹਰ ਵਾਰ ਦੀ ਤਰਾਂ ਇਸ ਵਾਰ ਵੀ ਯਾਦਗਾਰੀ ਹੋ ਨਿਬੇੜਿਆ।

## ਚੈਸਟਰਮੀਅਰ ਪੰਜਾਬੀ ਬਜ਼ੁਰਗ ਸੁਸਾਇਟੀ ਦੀ ਸਥਾਪਨਾ ਹੋਈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਨਾਲ ਲੱਗਦੇ ਝੀਲਾਂ ਦੇ ਸ਼ਹਿਰ ਵੱਜੋਂ ਜਾਣੇ ਜਾਂਦੇ ਚੈਸਟਰਮੀਅਰ ਵਿਖੇ ਪੰਜਾਬੀ ਭਾਈਚਾਰੇ ਦੀ ਵੱਧਦੀ ਗਿਣਤੀ ਨੂੰ ਧਿਆਨ ਵਿੱਚ ਰੱਖਦਿਆਂ ਇੱਥੋਂ ਦੇ ਬਜ਼ੁਰਗਾਂ ਵੱਲੋਂ ਇੱਕ ਸੰਸਥਾ ਸਥਾਪਿਤ ਕੀਤੀ ਗਈ ਹੈ ਜਿਸ ਦਾ ਨਾਂ ਚੈਸਟਰਮੀਅਰ ਪੰਜਾਬੀ ਬਜ਼ੁਰਗ ਸੁਸਾਇਟੀ ਰੱਖਿਆ ਗਿਆ ਹੈ। ਇਸ ਸੰਸਥਾ ਦੀ ਬੀਤੇ ਦਿਨੀ ਪਹਿਲੀ ਮਿਲਣੀ ਆਯੋਜਿਤ ਕੀਤੀ ਗਈ ਜਿਸ ਵਿੱਚ ਸੰਸਥਾ ਦੇ ਸਰਪ੍ਰਸਤ ਜਨਕ ਸਿੰਘ ਖੁਰਮੀ ਨੇ ਪੰਜਾਬੀ ਅਖ਼ਬਾਰ ਨਾਲ ਗੱਲ ਕਰਦਿਆਂ ਦੱਸਿਆ ਕਿ ਆਪਣੇ ਮੁਲਕ ਨੂੰ ਛੱਡ ਕੇ ਅਸੀਂ ਕੈਨੇਡਾ ਦੀ ਧਰਤੀ ਨੂੰ ਅਪਣਾਇਆ ਹੈ, ਪਰ ਰੋਜ਼ਾਨਾ ਜ਼ਿੰਦਗੀ ਵਿੱਚ ਸਾਨੂੰ ਪੰਜਾਬ ਦੀਆਂ ਸੱਥਾਂ, ਉਥੋਂ ਦੀਆਂ ਬਜ਼ੁਰਗਾਂ ਦੇ ਮਿਲ ਬੈਠਣ ਦੀਆਂ ਯਾਦਾਂ ਮਨ ਦੇ ਕੋਨੇ ਵਿਚ ਹੁੱਜਾਂ ਮਾਰਦੀਆਂ ਰਹਿੰਦੀਆਂ ਸਨ। ਇਸ ਲਈ ਅਸੀਂ ਇਸ ਸੰਸਥਾ ਦਾ ਦੀ ਸਥਾਪਨਾ ਕੀਤੀ ਹੈ। ਜਿਸ ਵਿੱਚ ਅਸੀਂ ਕਨੇਡਾ ਅਤੇ ਇੰਡੀਆ ਦੇ ਸਾਰੇ ਤਿਓਹਾਰ ਰਲ ਮਿਲ ਕੇ ਮਨਾਇਆ ਕਰਾਂਗੇ। ਘਰਾਂ ਵਿੱਚ ਬੈਠੇ ਬਜ਼ੁਰਗਾਂ ਨੂੰ ਇਕੱਲਤਾ ਵਿੱਚੋਂ ਬਾਹਰ ਕੱਢਣ ਲਈ ਉਪਰਾਲੇ ਕਰਿਆ ਕਰਾਂਗੇ। ਇਸ ਮੌਕੇ ਚੈਸਟਰਮੀਅਰ ਸਿਟੀ ਕੌਂਸਿਲ ਦੀ ਪੰਜਾਬੀ ਮੂਲ ਦੀ ਕੌਂਸਲਰ ਕਿਰਨ ਰੰਧਾਵਾ ਨੇ ਵੀ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ ਅਤੇ ਉਹਨਾਂ ਭਵਿੱਖ ਵਿੱਚ ਹਰ ਕਿਸਮ ਦੇ ਸਹਿਯੋਗ ਦੇਣ ਦਾ ਵਾਅਦਾ ਕੀਤਾ। ਸੰਸਥਾ ਦੇ ਅਸੂਲ (ਬਾਏ ਲਾਅ) ਪੜ੍ਹਕੇ ਸੁਣਾਏ ਗਏ। ਇਸ ਮਹੀਨੇ ਜਿਹੜੇ ਮੈਂਬਰਾ ਦੇ ਜਨਮਦਿਨ ਸਨ,ਕੇਕ ਕੱਟਕੇ ਉਹਨਾਂ ਨੂੰ ਜਨਮ ਦਿਨ ਦੀਆਂ ਮੁਬਾਰਕਾਂ ਦਿੱਤੀਆਂ ਗਈਆਂ। ਸੰਸਥਾ ਦੇ ਚੁਣੇ ਗਏ ਅਹੁਦੇਦਾਰ ਇਸ ਪ੍ਰਕਾਰ ਹਨ: ਜਨਕ ਸਿੰਘ ਖੁਰਮੀ ਪ੍ਰਧਾਨ ਚੁਣੇ ਗਏ ਹਨ ਜਦੋਂ ਕਿ ਇੰਦਰਜੀਤ ਸਿੰਘ ਰੱਖੜਾ ਸੈਕਟਰੀ ਅਤੇ ਗੁਰਮੀਤ ਸਿੰਘ ਗਿੱਲ ਜੋਇੰਟ ਸੈਕਟਰੀ ਦੀਆਂ ਸੇਵਾਵਾਂ ਨਿਭਾਉਣਗੇ। ਅਨਿਲ ਗੁਪਤਾ ਕੋਲ ਖਜਾਨਚੀ ਅਤੇ ਤਰਲੋਚਨ ਸਿੰਘ ਰਾਏ ਕੋਲ ਜੋਇੰਟ ਖਜਾਨਚੀ ਦਾ ਅਹੁਦਾ ਹੈ। ਚੁਣੇ ਗਏ ਡਾਇਰੈਕਟਰਾਂ ਵਿੱਚ ਗੁਰਮੇਲ ਸਿੰਘ ਗਿੱਲ, ਹਰਦੀਪ ਸਿੰਘ ਗਰੇਵਾਲ ਅਤੇ ਬਲਵੀਰ ਸਿੰਘ ਪੰਨੂ ਦੇ ਨਾਂ ਸ਼ਾਮਿਲ ਹਨ। ਇਸ ਮਿਲਣੀ ਵਿੱਚ ਤਕਰੀਬਨ 28-29 ਮੈਂਬਰਾਂ ਨੇ ਭਾਗ ਲਿਆ। ਸਟੇਜ ਸਕੱਤਰ ਦੀ ਸੇਵਾ ਇੰਦਰਜੀਤ ਸਿੰਘ ਰੱਖੜਾ ਨੇ ਬਾਖ਼ੂਬੀ ਨਿਭਾਈ।

## ਰੂਸ ਤੋਂ ਵੱਡੀ ਮਾਤਰਾ 'ਚ ਤੇਲ ਖਰੀਦ ਕੇ ਅੱਗੇ ਮੁਨਾ.ਫੇ ਲਈ ਵੇਚ ਰਿਹੈ ਭਾਰਤ: ਟਰੰਪ



ਵਾਸ਼ਿੰਗਟਨ (ਪੰਜਾਬੀ ਅਖਬਾਰ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੋਮਵਾਰ ਨੂੰ ਕਿਹਾ ਕਿ ਉਹ ਭਾਰਤ ਵੱਲੋਂ ਅਮਰੀਕਾ ਨੂੰ ਅਦਾ ਕੀਤੇ ਜਾਣ ਵਾਲੇ ਟੈਰਿਫਾਂ ਵਿੱਚ 'ਕਾਫ਼ੀ' ਵਾਧਾ ਕਰਨਗੇ। ਉਨ੍ਹਾਂ ਦੋਸ਼ ਲਗਾਇਆ ਕਿ ਭਾਰਤ, ਰੂਸ ਤੋਂ ਵੱਡੀ ਮਾਤਰਾ ਵਿੱਚ ਤੇਲ ਖਰੀਦ ਰਿਹਾ ਹੈ ਅਤੇ ਇਸ ਨੂੰ ਵੱਡੇ ਮੁਨਾਫ਼ੇ ਲਈ ਵੇਚ ਰਿਹਾ ਹੈ।ਟਰੰਪ ਨੇ ਇਕ ਸੋਸ਼ਲ ਮੀਡੀਆ ਪੋਸਟ ਵਿਚ ਕਿਹਾ, "ਭਾਰਤ ਨਾ ਸਿਰਫ਼ ਵੱਡੀ ਮਾਤਰਾ ਵਿੱਚ ਰੂਸੀ ਤੇਲ ਖਰੀਦ ਰਿਹਾ ਹੈ, ਸਗੋਂ ਉਹ ਖਰੀਦੇ ਗਏ ਜ਼ਿਆਦਾਤਰ ਤੇਲ ਨੂੰ ਖੁੱਲ੍ਹੇ ਬਾਜ਼ਾਰ ਵਿੱਚ ਵੱਡੇ ਮੁਨਾਫ਼ੇ ਲਈ ਵੇਚ ਰਹੇ ਹਨ।" ਅਮਰੀਕੀ ਸਦਰ ਨੇ ਕਿਹਾ, "ਉਨ੍ਹਾਂ ਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਹੈ ਕਿ ਰੂਸੀ ਜੰਗੀ ਮਸ਼ੀਨ ਨਾਲ ਯੂਕਰੇਨ ਵਿੱਚ ਕਿੰਨੇ ਲੋਕ ਮਾਰੇ ਜਾ ਰਹੇ ਹਨ। ਇਸ ਕਾਰਨ ਮੈਂ ਭਾਰਤ ਵੱਲੋਂ ਅਮਰੀਕਾ ਨੂੰ ਅਦਾ ਕੀਤੇ ਜਾਣ ਵਾਲੇ ਟੈਰਿਫ ਨੂੰ ਕਾਫ਼ੀ ਵਧਾਵਾਂਗਾ।" ਪਿਛਲੇ ਹਫ਼ਤੇ ਟਰੰਪ ਨੇ ਭਾਰਤ ਅਤੇ ਰੂਸ 'ਤੇ ਉਨ੍ਹਾਂ ਦੇ ਨੇੜਲੇ ਸਬੰਧਾਂ ਲਈ ਤਿੱਖਾ ਹਮਲਾ ਬੋਲਿਆ ਅਤੇ ਕਿਹਾ ਕਿ ਦੋਵੇਂ ਦੇਸ਼ ਆਪਣੇ 'ਬੇਜਾਨ ਅਰਥਚਾਰਿਆਂ' ਨੂੰ ਇਕੱਠੇ ਢਾਹ ਸਕਦੇ ਹਨ।" ਟਰੰਪ ਦੀ ਇਸ ਟਿੱਪਣੀ ਮਗਰੋਂ ਨਵੀਂ ਦਿੱਲੀ ਇਹ ਕਹਿਣ ਲਈ ਮਜਬੂਰ ਹੋ ਗਿਆ ਕਿ ਭਾਰਤ ਵਿਸ਼ਵ ਦਾ ਸਭ ਤੋਂ ਤੇਜ਼ੀ ਨਾਲ ਵੱਧ ਰਿਹਾ ਪ੍ਰਮੁੱਖ ਅਰਥਚਾਰਾ ਹੈ।ਵ੍ਹਾਈਟ ਹਾਊਸ ਨੇ ਪਿਛਲੇ ਹਫ਼ਤੇ ਐਲਾਨ ਕੀਤਾ ਸੀ ਕਿ ਟਰੰਪ ਵੱਲੋਂ ਦੁਨੀਆ ਭਰ ਦੇ ਦੇਸ਼ਾਂ ਤੋਂ ਬਰਾਮਦ 'ਤੇ ਵਾਸ਼ਿੰਗਟਨ ਵੱਲੋਂ ਲਗਾਏ ਜਾਣ ਵਾਲੇ ਵੱਖ-ਵੱਖ ਟੈਕਸਾਂ ਦੀ ਸੂਚੀ ਦੇਣ ਵਾਲੇ ਕਾਰਜਕਾਰੀ ਆਦੇਸ਼ ਜਾਰੀ ਕਰਨ ਤੋਂ ਬਾਅਦ ਭਾਰਤ ਨੂੰ 25 ਫੀਸਦ ਟੈਰਿਫ ਦਾ ਸਾਹਮਣਾ ਕਰਨਾ ਪਵੇਗਾ।

## ਸੰਪਾਦਕੀ



**ਤੁਹਾਡੇ ਦੁਆਰਾ ਕੀਤਾ ਗਿਆ ਇੱਕ ਗਲਤ ਕੰਮ ਤੁਹਾਡੇ ਸਾਰੇ ਚੰਗੇ ਕੰਮਾਂ 'ਤੇ ਪਾਣੀ ਫੇਰ ਸਕਦਾ ਹੈ।**

# ਅਮਰੀਕਾ: ਟੈਰਿਫ਼ ਬੰਬ ਭਾਰਤ ਤੇ ਕੈਨੇਡਾ

ਕੁੱਝ ਸਮੇਂ ਤੋਂ, ਜਿਸ ਤਰ੍ਹਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਖ-ਵੱਖ ਦੇਸ਼ਾਂ 'ਤੇ ਟੈਰਿਫ ਲਗਾਉਣ ਦੀ ਗੱਲ ਕਰ ਰਹੇ ਸਨ, ਉਸ ਨੂੰ ਕਈ ਤਰੀਕਿਆਂ ਨਾਲ ਦਬਾਅ ਦੀ ਰਣਨੀਤੀ ਮੰਨਿਆ ਜਾ ਰਿਹਾ ਸੀ। ਇਸ ਸਬੰਧ ਵਿੱਚ ਸਿਰਫ਼ ਭਾਰਤ ਹੀ ਨਹੀਂ ਸਗੋਂ ਉਸਦੇ ਗੁਆਂਢੀ ਮੁਲਕ ਕੈਨੇਡਾ ਅਤੇ ਹੋਰ ਦੇਸ਼ ਵੀ ਇਸ ਦੀ ਲਪੇਟ ਵਿੱਚ ਆ ਰਹੇ ਹਨ। ਪਰ ਹੁਣ ਉਨ੍ਹਾਂ ਨੇ ਇਸ ਮੁੱਦੇ 'ਤੇ ਜਿਸ ਤਰ੍ਹਾਂ ਦੇ ਫੈਸਲੇ ਲੈਣੇ ਸ਼ੁਰੂ ਕਰ ਦਿੱਤੇ ਹਨ, ਉਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਮਨਮਾਨੇ ਟੈਰਿਫ ਲਗਾਉਣ ਦੇ ਫੈਸਲੇ ਨੂੰ ਕਿਸੇ ਦੇਸ਼ ਦੀ ਨੀਤੀ ਨੂੰ ਪ੍ਰਭਾਵਿਤ ਕਰਨ ਲਈ ਇੱਕ ਸਾਧਨ ਵਜੋਂ ਵਰਤਿਆ ਜਾ ਰਿਹਾ ਹੈ। ਇਸ ਕ੍ਰਮ ਵਿੱਚ, ਟਰੰਪ ਪਿਛਲੇ ਦਿਨਾਂ ਵਿੱਚ ਵਾਰ-ਵਾਰ ਕਹਿੰਦੇ ਰਹੇ ਕਿ ਉਹ ਭਾਰਤ ਤੋਂ ਆਯਾਤ ਕੀਤੇ ਜਾਣ ਵਾਲੇ ਉਤਪਾਦਾਂ 'ਤੇ ਭਾਰੀ ਟੈਰਿਫ ਲਗਾਉਣਗੇ। ਪਰ ਉਨ੍ਹਾਂ ਦੇ ਬਿਆਨਾਂ ਵਿੱਚ ਦਿਖਾਈ ਦੇਣ ਵਾਲੇ ਉਤਰਾਅ-ਚੜ੍ਹਾਅ ਨੂੰ ਦੇਖਦੇ ਹੋਏ, ਇਹ ਉਮੀਦ ਕੀਤੀ ਜਾ ਰਹੀ ਸੀ ਕਿ ਉਹ ਆਪਣੀ ਜ਼ਿੱਦ 'ਤੇ ਵਿਚਾਰ ਕਰਨਗੇ ਅਤੇ ਉਦਾਰ ਰਵੱਈਆ ਅਪਣਾਉਣਗੇ। ਖਾਸ ਕਰਕੇ ਕਿਉਂਕਿ ਪਿਛਲੇ ਕੁੱਝ ਸਾਲਾਂ ਦੌਰਾਨ ਭਾਰਤ ਅਤੇ ਅਮਰੀਕਾ ਵਿਚਕਾਰ ਦੁਵੱਲੇ ਸਬੰਧਾਂ ਦੇ ਨਵੇਂ ਦਰਵਾਜ਼ੇ ਖੁੱਲ੍ਹੇ ਸਨ ਅਤੇ ਕੁੱਝ ਗਤੀਵਿਧੀਆਂ ਵਿੱਚ ਵਾਧਾ ਹੋਇਆ ਸੀ। ਇਹ ਧਿਆਨ ਦੇਣ ਯੋਗ ਹੈ ਕਿ ਵਪਾਰ ਗੱਲਬਾਤ ਦੇ ਸੰਦਰਭ ਵਿੱਚ ਅਮਰੀਕਾ ਅਤੇ ਭਾਰਤ ਵਿਚਕਾਰ ਚੱਲ ਰਹੀ ਗੱਲਬਾਤ ਵਿੱਚ ਰੁਕਾਵਟ ਦੇ ਕੁੱਝ ਸੰਕੇਤ ਸਾਹਮਣੇ ਆਉਣ ਤੋਂ ਬਾਅਦ, ਡੋਨਾਲਡ ਟਰੰਪ ਨੇ 1 ਅਗਸਤ ਤੋਂ ਭਾਰਤ ਤੋਂ ਆਯਾਤ ਕੀਤੇ ਜਾਣ ਵਾਲੇ ਸਮਾਨ 'ਤੇ 25 ਪ੍ਰਤੀਸ਼ਤ ਡਿਊਟੀ ਅਤੇ ਰੂਸ ਤੋਂ ਤੇਲ ਖਰੀਦਣ 'ਤੇ ਜੁਰਮਾਨੇ ਦਾ ਐਲਾਨ ਕੀਤਾ ਸੀ। ਹਾਲਾਂਕਿ, ਇਹ ਅਚਾਨਕ ਫੈਸਲਾ ਨਹੀਂ ਜਾਪਦਾ ਹੈ ਅਤੇ ਟਰੰਪ ਨੇ ਇਸ ਵਾਰ ਸੱਤਾ ਵਿੱਚ ਆਉਣ ਤੋਂ ਬਾਅਦ ਕੁੱਝ ਥਾਵਾਂ 'ਤੇ ਆਯਾਤ ਡਿਊਟੀ ਦੇ ਐਲਾਨਾਂ ਨੂੰ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਹੈ। ਉਦਾਹਰਣ ਵਜੋਂ, ਟਰੰਪ ਨੇ ਕੈਨੇਡਾ 'ਤੇ 35 ਪ੍ਰਤੀਸ਼ਤ ਡਿਊਟੀ ਲਗਾਉਣ ਦਾ ਐਲਾਨ ਕੀਤਾ ਸੀ, ਜਦੋਂ ਕਿ ਵਪਾਰ ਗੱਲਬਾਤ ਅਜੇ ਵੀ ਚੱਲ ਰਹੀ ਸੀ ਅਤੇ ਇੱਕ ਸਮਝੌਤੇ ਦੀ ਉਮੀਦ ਸੀ। ਜਦੋਂ ਅਮਰੀਕਾ ਨਾਲ ਦੁਵੱਲੇ ਅੰਤਰਿਮ ਵਪਾਰ ਸਮਝੌਤੇ ਲਈ ਆਖਰੀ ਦੌਰ ਦੀਆਂ ਕੋਸ਼ਿਸ਼ਾਂ ਚੱਲ ਰਹੀਆਂ ਸਨ ਤਾਂ ਭਾਰਤ 'ਤੇ 25 ਪ੍ਰਤੀਸ਼ਤ ਡਿਊਟੀ ਲਗਾਉਣ ਦੀ ਵੀ ਗੱਲ ਕਹੀ ਗਈ ਸੀ। ਇਹ ਜ਼ਿਕਰਯੋਗ ਹੈ ਕਿ ਅਮਰੀਕੀ ਵਾਰਤਾਕਾਰਾਂ ਦਾ ਇੱਕ ਸਮੂਹ 25 ਅਗਸਤ ਨੂੰ ਭਾਰਤ ਦਾ ਦੌਰਾ ਕਰਨ ਜਾ ਰਿਹਾ ਹੈ, ਜੋ ਪ੍ਰਸਤਾਵਿਤ ਵਪਾਰ ਸਮਝੌਤੇ 'ਤੇ ਗੱਲਬਾਤ ਦੇ ਅਗਲੇ ਦੌਰ ਵਿੱਚ ਹਿੱਸਾ ਲਵੇਗਾ। ਸਵਾਲ ਇਹ ਹੈ ਕਿ ਅਮਰੀਕੀ ਰਾਸ਼ਟਰਪਤੀ ਨੂੰ ਵਪਾਰ ਗੱਲਬਾਤ ਸ਼ੁਰੂ ਹੋਣ ਤੋਂ ਪਹਿਲਾਂ ਅਤੇ ਕਿਸੇ ਨਤੀਜੇ 'ਤੇ ਪਹੁੰਚਣ ਤੋਂ ਪਹਿਲਾਂ ਹੀ ਡਿਊਟੀ ਲਗਾਉਣ ਦਾ ਐਲਾਨ ਕਰਨ ਦੀ ਜਲਦਬਾਜ਼ੀ ਕਿਉਂ ਮਹਿਸੂਸ ਹੋਈ। ਕੀ ਇਸ ਫੈਸਲੇ ਨੂੰ ਵਪਾਰ ਗੱਲਬਾਤ ਵਿੱਚ ਅਮਰੀਕਾ 'ਤੇ ਆਪਣੇ ਹਿੱਤ ਵਿੱਚ ਨੀਤੀਗਤ ਫੈਸਲੇ ਲੈਣ ਲਈ ਦਬਾਅ ਪਾਉਣ ਦੀ ਰਣਨੀਤੀ ਨਹੀਂ ਮੰਨਿਆ ਜਾਵੇਗਾ? ਇੱਕ ਦਲੀਲ ਇਹ ਦਿੱਤੀ ਗਈ ਹੈ ਕਿ ਭਾਰਤ ਦੀ ਡਿਊਟੀ ਬਹੁਤ ਜ਼ਿਆਦਾ ਰਹੀ ਹੈ, ਇਸ ਲਈ ਅਮਰੀਕਾ ਨੇ ਇਸ ਨਾਲ ਮੁਕਾਬਲਤਨ ਘੱਟ ਵਪਾਰ ਕੀਤਾ ਹੈ। ਜੇਕਰ ਅਜਿਹਾ ਹੈ, ਤਾਂ ਇਸ ਮੁੱਦੇ 'ਤੇ ਗੱਲਬਾਤ ਰਾਹੀਂ ਦੋਵਾਂ ਧਿਰਾਂ ਵਿਚਕਾਰ ਸਹਿਮਤੀ ਬਣਾਉਣ ਦੀ ਲੋੜ ਸੀ, ਨਾ ਕਿ ਭਾਰੀ ਡਿਊਟੀਆਂ ਦਾ ਐਲਾਨ ਕਰਕੇ ਸਿੱਧੇ ਤੌਰ 'ਤੇ ਦਬਾਅ ਪਾਉਣ ਦੀ। ਫਿਰ ਅਮਰੀਕਾ ਵੱਲੋਂ ਪਾਕਿਸਤਾਨ ਨਾਲ ਮਿਲ ਕੇ 'ਤੇਲ ਭੰਡਾਰ ਵਿਕਸਤ ਕਰਨ' ਦੇ ਸੌਦੇ ਦੀਆਂ ਖ਼ਬਰਾਂ ਦਾ ਕੀ ਅਰਥ ਹੋ ਸਕਦਾ ਹੈ? ਹਾਲ ਹੀ ਦੇ ਸਾਲਾਂ ਵਿੱਚ ਭਾਰਤ ਨੇ ਜਿਸ ਤਰ੍ਹਾਂ ਆਪਣੇ ਨਿਰਯਾਤ ਪੱਖ ਨੂੰ ਮਜ਼ਬੂਤ ਕੀਤਾ ਹੈ, ਉਸ ਨੂੰ ਦੇਖਦੇ ਹੋਏ, ਕੀ ਇਸ ਤਰ੍ਹਾਂ ਦਾ ਅਮਰੀਕੀ ਦਬਾਅ ਵਪਾਰ ਵਿੱਚ ਸਹਿਯੋਗ ਦੀ ਬਜਾਏ ਦੁਸ਼ਮਣੀ ਲਈ ਮੰਚ ਤਿਆਰ ਕਰਨ ਦੀ ਕੋਸ਼ਿਸ਼ ਨਹੀਂ ਹੈ? ਸਵਾਲ ਇਹ ਵੀ ਹੈ ਕਿ ਕੀ ਭਾਰਤ ਨੇ ਸਮੇਂ ਸਿਰ ਇਸ ਮੁੱਦੇ ਨੂੰ ਹੱਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਜਾਂ ਜ਼ਰੂਰੀ ਰਣਨੀਤੀ ਨੂੰ ਮਹੱਤਵ ਨਹੀਂ ਦਿੱਤਾ। ਹਾਲਾਂਕਿ ਇਹ ਮੰਨਿਆ ਜਾ ਰਿਹਾ ਹੈ ਕਿ ਟਰੰਪ ਦੇ ਤਾਜ਼ਾ ਐਲਾਨ ਦਾ ਭਾਰਤ 'ਤੇ ਕੁੱਝ ਹੋਰ ਦੇਸ਼ਾਂ ਦੇ ਮੁਕਾਬਲੇ ਘੱਟ ਪ੍ਰਭਾਵ ਪਵੇਗਾ, ਪਰ ਇਸ ਇੱਕਪਾਸੜ ਫੈਸਲੇ ਤੋਂ ਬਾਅਦ, ਦੁਵੱਲੇ ਸਬੰਧਾਂ ਵਿੱਚ ਕੁੱਝ ਢਿੱਲ ਆ ਸਕਦੀ ਹੈ ਜੋ ਦੋਵੇਂ ਮੁਲਕਾਂ ਲਈ ਹੀ ਘਾਟੇ ਵਾਲਾ ਸੌਦਾ ਹੋਵੇਗੀ

**403 640 2000**

**punjabiakhbaar@gmail.com**


This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

**-Editor**

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

**– ਸੰਪਾਦਕ**

# ਬਿਹਾਰ ਚੋਣਾਂ : ਧਮਾਕੇਦਾਰ ਸਥਿਤੀ



**ਗੁਰਮੀਤ ਸਿੰਘ ਪਲਾਹੀ**

**-9815802070**

ਗ਼ਰੀਬਾਂ ਦੇ ਕੋਲ ਵੋਟ ਦੀ ਤਾਕਤ ਤੋਂ ਇਲਾਵਾ ਹੋਰ ਬਹੁਤ ਕੁਝ ਹੈ ਹੀ ਨਹੀਂ। ਜੇਕਰ ਦੇਸ਼ ਵਿੱਚ ਗ਼ਰੀਬਾਂ ਤੇ ਕਮਜ਼ੋਰਾਂ ਤੋਂ ਉਹਨਾਂ ਦਾ ਵੋਟ-ਹੱਕ ਖੋਹ ਲਿਆ ਜਾਂਦਾ ਹੈ, ਤਾਂ ਉਹਨਾਂ ਵਿੱਚ ਨਿਰਾਸ਼ਾ ਵਧੇਗੀ, ਜੋ ਦੇਸ਼ ਨੂੰ ਅਰਾਜਕਤਾ ਵੱਲ ਧੱਕੇਗੀ। ਇਹ ਅਰਾਜਕਤਾ ਆਖਰਕਾਰ ਵਿਦਰੋਹ ਪੈਦਾ ਕਰੇਗੀ।

ਬਿਹਾਰ ਵਿੱਚ ਭਾਰਤੀ ਚੋਣ ਕਮਿਸ਼ਨ ਉੱਤੇ ਇਲਜ਼ਾਮ ਲੱਗ ਰਹੇ ਹਨ ਕਿ ਉਸ ਵੱਲੋਂ ਵੋਟਰ ਸੂਚੀ ਦੇ "ਸ਼ੁੱਧੀਕਰਨ" ਦੇ ਨਾਂ 'ਤੇ ਲੋਕਾਂ ਦੀਆਂ ਵੋਟਾਂ ਕੱਟੀਆਂ ਜਾ ਰਹੀਆਂ ਹਨ। ਬਿਹਾਰ 'ਚ ਲੋਕਾਂ ਵਿੱਚ ਇਸ ਮਹੱਤਵਪੂਰਨ ਮਸਲੇ 'ਤੇ ਹਾਹਾਕਾਰ ਮਚੀ ਹੋਈ ਹੈ। ਬਿਹਾਰ ਦੇ ਵੋਟਰਾਂ ਵਿੱਚ ਘਬਰਾਹਟ ਅਤੇ ਭਰਮ ਦੀ ਸਥਿਤੀ ਬਣੀ ਹੋਈ ਹੈ ਕਿਉਂਕਿ ਬੇਸਹਾਰਾ ਲੋਕ ਆਪਣਾ ਵੋਟ-ਹੱਕ ਮੰਗ ਰਹੇ ਹਨ। ਭਾਰਤੀ ਚੋਣ ਕਮਿਸਨ ਵੋਟਰ ਦੀ ਪ੍ਰਮਾਣਿਕਤਾ ਲਈ ਪਛਾਣ ਦੇ ਤੌਰ 'ਤੇ ਆਧਾਰ ਕਾਰਡ, ਵੋਟਰ ਕਾਰਡ ਅਤੇ ਰਾਸ਼ਨ ਕਾਰਡ ਤੋਂ ਇਲਾਵਾ ਹੋਰ ਦਸਤਾਵੇਜ਼ ਸਬੂਤ ਵਜੋਂ ਮੰਗ ਰਿਹਾ ਹੈ। ਉਹ ਲੋਕ ਜਿਹੜੇ ਅਨਪੜ੍ਹ ਹਨ, ਉਹ ਇਹ ਸਬੂਤ ਕਿਥੋਂ ਲਿਆਉਣਗੇ? 2023 ਵਿੱਚ ਹੋਈ ਜਾਤੀ ਜਨਗਣਨਾ ਅਨੁਸਾਰ, ਬਿਹਾਰ ਵਿੱਚ ਤਿੰਨ ਫ਼ੀਸਦੀ ਦਲਿਤ, ਪੰਜ ਫ਼ੀਸਦੀ ਅਤਿ ਪਛੜੇ ਅਤੇ ਸਿਰਫ਼ ਸੱਤ ਫ਼ੀਸਦੀ ਮੁਸਲਮਾਨ ਬਾਰਵੀਂ ਪਾਸ ਸਨ। ਜਦ ਕਿ 2011 ਦੀ ਜਨਗਣਨਾ ਅਨੁਸਾਰ, ਬਿਹਾਰ ਵਿੱਚ ਲਗਭਗ 50 ਫ਼ੀਸਦੀ ਔਰਤਾਂ ਅਤੇ 40 ਫ਼ੀਸਦੀ ਮਰਦ ਅਨਪੜ੍ਹ ਹਨ। ਇਹ ਲੋਕ ਹੋਰ ਪਛਾਣ ਪੱਤਰ ਕਿਵੇਂ ਅਤੇ ਕਿੱਥੋਂ ਪੈਦਾ ਕਰਨਗੇ? ਤੇ ਕਿਵੇਂ ਆਪਣਾ ਵੋਟ ਹੱਕ ਪ੍ਰਾਪਤ ਕਰਨਗੇ?

ਬਿਹਾਰ ਚੋਣਾਂ ਵਿੱਚ ਹਾਲੇ 110 ਦਿਨ ਬਾਕੀ ਹਨ। ਸ਼ਾਇਦ ਪਹਿਲੀ ਵਾਰ ਹੋਵੇ ਕਿ ਬਿਹਾਰ 'ਚ ਵੋਟ ਲਿਸਟ ਮੁੱਦਾ ਇੰਨਾ ਭਾਰੀ ਬਣਿਆ ਹੋਇਆ ਹੈ। ਮਾਹੌਲ ਗਰਮ ਹੈ। ਵਿਰੋਧੀ ਸਿਆਸੀ ਧਿਰਾਂ ਪਾਰਲੀਮੈਂਟ ਦੇ ਅੰਦਰ - ਬਾਹਰ ਹੰਗਾਮਾ ਕਰ ਰਹੀਆਂ ਹਨ। ਇਹ ਮਾਮਲਾ ਹੁਣ ਸੁਪਰੀਮ ਕੋਰਟ ਵਿੱਚ ਵੀ ਪਹੁੰਚ ਚੁੱਕਾ ਹੈ। ਬਿਹਾਰ 'ਚ ਵੱਡਾ ਹੰਗਾਮਾ ਹੋਣ ਦਾ ਕਾਰਨ ਦਿੱਲੀ ਦੀ ਹਾਕਮ ਧਿਰ ਵੱਲੋਂ ਹਰ ਹੀਲੇ ਬਿਹਾਰ ਚੋਣਾਂ ਜਿੱਤ ਲਈ ਜਾਣ ਲਈ ਕੀਤੀਆਂ ਜਾਣ ਵਾਲੀਆਂ ਕੋਸ਼ਿਸ਼ਾਂ ਹਨ। ਉਸ ਵਾਸਤੇ ਪਹਿਲਾ ਹਥਿਆਰ ਵੋਟਰਾਂ ਦੇ "ਸ਼ੁੱਧੀਕਰਨ" ਦਾ ਵਰਤਿਆ ਜਾ ਰਿਹਾ ਹੈ, ਕਿਉਂਕਿ ਦਿੱਲੀ ਦੀ ਹਾਕਮ ਧਿਰ ਇਹ ਸਮਝਦੀ ਹੈ ਕਿ ਜੇਕਰ ਉਹ ਬਿਹਾਰ ਹਾਰ ਜਾਂਦੇ ਹਨ, ਤਾਂ ਨਿਤੀਸ਼ ਕੁਮਾਰ ਮੁੱਖ ਮੰਤਰੀ ਬਿਹਾਰ ਦੀ ਪਾਰਟੀ ਉਸ ਨੂੰ ਕੇਂਦਰ ਵਿੱਚ ਸਮਰਥਨ ਤੋਂ ਮੁੱਖ ਮੋੜ ਸਕਦੀ ਹੈ। ਬਿਹਾਰ ਵਿੱਚ ਸੱਤਾਧਾਰੀ ਐਨ.ਡੀ.ਏ. ਅਤੇ ਵਿਰੋਧੀ ਗਠਜੋੜ ਇੱਕ ਦੂਜੇ ਉੱਤੇ ਹਮਲਾਵਰ ਹਨ। ਭਾਵੇਂ ਫਿਲਹਾਲ ਮੁੱਖ ਮਸਲਾ ਵੋਟਰ ਸੂਚੀ ਵਿੱਚੋਂ ਲੱਖਾਂ ਵੋਟਰਾਂ ਦੇ ਨਾਂ ਕੱਟੇ ਜਾਣ ਦਾ ਹੈ। ਕਿਹਾ ਜਾ ਰਿਹਾ ਹੈ ਕਿ ਕੁਝ ਅਯੋਗ ਵੋਟਰਾਂ ਦੇ ਨਾਵਾਂ ਤੋਂ ਇਲਾਵਾ ਬਹੁਤ ਸਾਰੇ ਯੋਗ ਵੋਟਰਾਂ ਦੇ ਨਾਵਾਂ ਉੱਤੇ ਵੀ ਕੈਂਚੀ ਫੇਰ ਦਿੱਤੀ ਜਾਵੇਗੀ। ਬਿਹਾਰ 'ਚ ਭਾਰਤੀ ਚੋਣ ਕਮਿਸ਼ਨ ਦੀ 01-08-2025 ਦੀ ਰਿਪੋਰਟ ਅਨੁਸਾਰ ਕੁੱਲ 7.9 ਕਰੋੜ ਵੋਟਰਾਂ ਵਿੱਚੋਂ 7.24 ਕਰੋੜ ਵੋਟਰਾਂ ਨੇ ਆਪਣੇ ਫਾਰਮ ਜਮ੍ਹਾਂ ਕਰਵਾਏ। ਕੁੱਲ ਮਿਲਾਕੇ 65,64,075 ਵੋਟਰਾਂ ਦੇ ਨਾਮ ਵੋਟਰ ਸੂਚੀਆਂ 'ਚੋਂ ਕੱਟ ਦਿੱਤੇ ਗਏ, ਜਿਹਨਾ ਵਿੱਚੋਂ 36,28,210 ਪੱਕੇ ਤੌਰ 'ਤੇ ਸੂਬਾ ਛੱਡ ਚੁੱਕੇ ਹਨ ਅਤੇ 7,01,364 ਇੱਕ ਤੋਂ ਵੱਧ ਥਾਵਾਂ 'ਤੇ ਇਨਰੋਲ ਹੋਣ ਕਾਰਨ ਆਪਣਾ ਵੋਟ ਹੱਕ ਬਿਹਾਰ ਵਿੱਚੋਂ ਗੁਆ ਚੁੱਕੇ ਹਨ। ਕੁੱਲ 22,34,501 ਵੋਟਰਾਂ ਦੇ ਨਾਮ ਲੋੜੀਂਦੇ ਫਾਰਮ ਨਾ ਭਰੇ ਜਾਣ ਕਾਰਨ ਵੋਟਰ ਸੂਚੀ ਵਿੱਚੋਂ ਕੱਟ ਦਿੱਤੇ ਗਏ, ਜਿਹਨਾ ਵਿੱਚ ਬਿਹਾਰ ਦੇ 10 ਜ਼ਿਲਿਆਂ - ਮਧੂਬਨੀ (3,52,542), ਈਸਟ ਚੰਪਾਰਨ (3,16,793), ਪੂਰਨੀਆ (2,73,920), ਸੀਤਾਮੜੀ (2,44,962), ਪਟਨਾ (3,95,500), ਗੋਪਾਲਗੰਜ (3,10,363), ਸਮਸਤੀਪੁਰ (2,83,955), ਮੁਜ਼ੱਫਰਪੁਰ (2,82,845), ਸਾਰਨ (2,73,223), ਗਯਾ (2,45,663) ਦੇ ਲੋਕ ਸ਼ਾਮਲ ਹਨ। ਇਹਨਾ ਵਿੱਚ ਵੱਡੀ ਗਿਣਤੀ ਮੁਸਲਮਾਨਾਂ, ਗਰੀਬ ਅਤੇ ਕਮਜ਼ੋਰ ਵਰਗ ਦੇ ਲੋਕਾਂ ਦੀ ਹੈ। ਉਦਾਹਰਨ ਦੇ ਤੌਰ 'ਤੇ ਮਧੂਬਨੀ ਵਿੱਚ 18 ਫ਼ੀਸਦੀ, ਈਸਟ ਚੰਪਾਰਨ ਵਿੱਚ 19 ਫ਼ੀਸਦੀ, ਪੂਰਨੀਆ 39 ਫ਼ੀਸਦੀ ਅਤੇ ਸੀਤਾਮੜ੍ਹੀ ਵਿੱਚ ਕੁੱਲ ਕੱਟੇ ਗਏ ਨਾਮ ਮੁਸਲਮਾਨਾਂ ਦੇ ਹਨ। ਰਾਜਦ ਸੁਪਰੀਮੋ ਲਾਲੂ ਪ੍ਰਸਾਦ ਯਾਦਵ ਦੋਸ਼ ਲਗਾ ਚੁੱਕੇ ਹਨ ਕਿ ਇਹ ਸਿਰਫ਼ ਵੋਟਾਂ ਦੇਣ ਤੋਂ ਰੋਕਣਾ ਨਹੀਂ, ਬਲਕਿ ਉਹਨਾਂ ਦਾ ਰਾਸ਼ਨ ਤੋਂ ਲੈ ਕੇ ਰਿਜ਼ਰਵੇਸ਼ਨ ਤੱਕ ਹਰ ਹੱਕ ਖੋਹਣਾ ਹੈ। ਭਾਵੇਂ ਕਿ ਭਾਜਪਾ ਦਾ ਕਹਿਣਾ ਹੈ ਕਿ ਵੋਟਾਂ ਦੇ ਸ਼ੁੱਧੀਕਰਨ ਦਾ ਮਕਸਦ ਦੇਸ਼ ਵਿਰੋਧੀ ਬੰਗਲਾਦੇਸ਼ੀ ਘੁਸਪੈਠੀਆਂ ਅਤੇ ਰੋਹਿੰਗਿਆਵਾਂ ਨੂੰ ਵੋਟਰ ਸੂਚੀ ਤੋਂ ਬਾਹਰ ਕੱਢਣਾ ਹੈ। ਬਿਹਾਰ ਵਿੱਚ "ਜੰਗਲ ਰਾਜ ਬਨਾਮ ਸੁਸ਼ਾਸਨ" ਮੁੱਖ ਚੋਣਾਂਵੀ ਮੁੱਦਾ ਬਣ ਕੇ ਉਭਰ ਰਿਹਾ ਹੈ। ਰੈਲੀਆਂ, ਬੈਠਕਾਂ ਦੋਹਾਂ ਧਿਰਾਂ ਵੱਲੋਂ ਜ਼ੋਰਾਂ 'ਤੇ ਹਨ। ਜ਼ਮੀਨੀ ਪੱਧਰ 'ਤੇ ਦੋਵੇਂ ਧਿਰਾਂ ਲੋਕਾਂ ਤੱਕ ਪਹੁੰਚ ਕਰ ਰਹੀਆਂ ਹਨ। ਪਹਿਲਾਂ ਦੀ ਤਰ੍ਹਾਂ ਹੀ ਬਿਹਾਰ 'ਚ ਜਾਤੀ ਮੁੱਦਾ ਭਾਰੂ ਹੈ। ਬਿਹਾਰ 'ਚ ਜਾਤੀ ਸਰਵੇਖਣ ਹੋ ਚੁੱਕਾ ਹੈ। ਰਾਜਦ ਅਤੇ ਭਾਜਪਾ ਜਾਤੀ ਅਧਾਰਤ ਸੰਮੇਲਨ ਕਰ ਰਹੀਆਂ ਹਨ। ਪਿਛਲੇ 60 ਦਿਨਾਂ ਵਿੱਚ 30 ਤੋਂ ਵੱਧ ਜਾਤੀ ਸੰਮੇਲਨ ਹੋ ਚੁੱਕੇ ਹਨ। ਦਰਅਸਲ "ਅਬਾਦੀ ਦੇ ਮੁਤਾਬਕ ਹੱਕ" ਦੀ ਮੰਗ ਬਿਹਾਰ 'ਚ ਜ਼ੋਰ ਫੜ ਚੁੱਕੀ ਹੈ। ਉਧਰ ਰਾਜਗ ਧੜਾ " ਦਾਮਾਦ ਆਯੋਗ" ਵਿਰੁੱਧ ਆਪਣੀ ਲੜਾਈ ਵਿੱਢ ਚੁੱਕਾ ਹੈ। ਉਸ ਅਨੁਸਾਰ ਕੇਂਦਰੀ ਮੰਤਰੀ ਜੀਤ ਰਾਮ ਮਾਂਝੀ, ਚਿਰਾਗ ਪਾਸਵਾਨ ਅਤੇ ਸਾਂਸਦ ਅਸ਼ੋਕ ਚੌਧਰੀ ਦੇ ਦਮਾਦਾਂ ਨੂੰ ਚੇਅਰਮੈਨੀਆਂ ਮਿਲੀਆਂ ਹਨ। ਮਹਾਂਗਠਬੰਧਨ, ਜਿਸ ਵਿੱਚ ਰਾਜਦ ਮੁੱਖ ਹੈ ਅਤੇ ਉਸ ਨਾਲ ਕਾਂਗਰਸ, ਖੱਬੀਆਂ ਧਿਰਾਂ ਅਤੇ ਵੀ.ਆਈ.ਪੀ. ਸ਼ਾਮਲ ਹਨ, ਸਮਾਜਿਕ ਨਿਆਂ, ਜਾਤੀ ਜਨਗਣਨਾ ਅਤੇ ਨੌਜਵਾਨਾਂ ਨੂੰ ਅੱਗੇ ਲਿਆਉਣ ਜਿਹੇ ਮੁੱਦੇ ਉਛਾਲ ਰਹੇ ਹਨ। ਉਹ ਬਿਹਾਰ ਦੀ ਕਾਨੂੰਨ ਵਿਵਸਥਾ ,ਨਿਤੀਸ਼ ਦੀ ਸਿਹਤ, ਰਿਜ਼ਰਵੇਸ਼ਨ ਆਦਿ ਮੁੱਦੇ ਉਭਾਰ ਰਹੇ ਹਨ। ਉਹਨਾਂ ਵੱਲੋਂ ਰਿਜ਼ਰਵੇਸ਼ਨ ਦੀ 50% ਸੀਮਾ ਹਟਾਉਣਾ ਮੁੱਖ ਚੋਣਾਂ ਵੀ ਮੁੱਦਾ ਹੈ। ਤੇਜੱਸਵੀ ਯਾਦਵ ਵੱਲੋਂ ਬੇਰੁਜ਼ਗਾਰੀ, ਮਹਿੰਗਾਈ, ਭ੍ਰਿਸ਼ਟਾਚਾਰ ਦਾ ਮੁੱਦਾ ਚੁੱਕਿਆ ਜਾ ਰਿਹਾ ਹੈ। ਕਾਂਗਰਸ ਵੀ ਬਿਹਾਰ 'ਚ ਆਪਣੇ ਵੱਲੋਂ ਪੂਰੇ ਜ਼ੋਰ ਨਾਲ ਕੇਂਦਰ ਵਿਰੁੱਧ ਮੁੱਦੇ ਚੁੱਕ ਰਹੀ ਹੈ। ਜਦਕਿ ਐਨ.ਡੀ.ਏ. "ਆਪਰੇਸ਼ਨ ਸਿੰਧੂਰ", "ਸੁਸ਼ਾਸਨ", "ਰਾਸ਼ਟਰਵਾਦ", "ਧਰਮ", "ਡਬਲ ਇੰਜਨ ਸਰਕਾਰ" ਦੇ ਨਾਅਰਿਆਂ ਨਾਲ ਅੱਗੇ ਵੱਧ ਰਹੀ ਹੈ। ਭਾਜਪਾ, ਜਦਯੂ, ਲੋਜਪਾ-ਆਰ ਸਿਆਸੀ ਧਿਰਾਂ ,ਪਰਿਵਾਰਵਾਦ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਨਗੀਆਂ। ਮਾਲੇਗਾਓਂ ਕੇਸ ਵਿੱਚ ਪ੍ਰਗਿਆ ਠਾਕੁਰ ਅਤੇ ਹੋਰ ਸਾਰਿਆਂ ਦੀ ਰਿਹਾਈ ਦੇ ਬਾਅਦ ਭਗਵਾਂ ਆਤੰਕਵਾਦ ਦੇ ਮੁੱਦੇ 'ਤੇ ਭਾਜਪਾ, ਕਾਂਗਰਸ ਅਤੇ ਰਾਜਦ ਨੂੰ ਘੇਰੇਗੀ। ਰਾਹੁਲ ਗਾਂਧੀ ਬਿਹਾਰ ਵਿੱਚ ਪੰਜ ਪ੍ਰੋਗਰਾਮ ਕਰ ਚੁੱਕੇ ਹਨ। ਅਗਸਤ ਮਹੀਨੇ ਉਹ ਬਿਹਾਰ ਯਾਤਰਾ 'ਤੇ ਜਾਣਗੇ। ਫਰਵਰੀ ਤੋਂ ਲੈਕੇ ਹੁਣ ਤੱਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜ ਦੌਰੇ ਬਿਹਾਰ ਦੇ ਕਰ ਚੁੱਕੇ ਹਨ। ਅਗਸਤ ਮਹੀਨੇ ਫਿਰ ਬਿਹਾਰ ਪਹੁੰਚਣਗੇ। ਅਮਿਤ ਸ਼ਾਹ, ਰਾਜਨਾਥ ਸਿੰਘ ਅਤੇ ਸ਼ਿਵਰਾਜ ਚੌਹਾਨ ਵਰਗੇ ਨੇਤਾ ਲਗਾਤਾਰ ਬਿਹਾਰ ਪਹੁੰਚ ਕੇ ਆਪਣੇ ਵੱਲੋਂ ਹੁਣੇ ਤੋਂ ਚੋਣ ਪ੍ਰਚਾਰ ਅਰੰਭ ਕਰ ਚੁੱਕੇ ਹਨ। ਬਿਹਾਰ ਦੀ ਰਾਜਨੀਤੀ ਵਿੱਚ ਪਿਛਲੇ 35-40 ਸਾਲਾਂ ਤੋਂ ਲਾਲੂ ਪ੍ਰਸਾਦ ਅਤੇ ਨਿਤੀਸ਼ ਕੁਮਾਰ ਪ੍ਰਭਾਵਸ਼ਾਲੀ ਰਹੇ ਹਨ। ਉਹਨਾਂ ਨੇ ਬਿਹਾਰ ਦੀ ਸਿਆਸਤ ਵਿੱਚ ਹੀ ਨਹੀਂ, ਕੌਮੀ ਸਿਆਸਤ ਵਿੱਚ ਵੀ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਸ਼ਾਇਦ ਇਹ ਆਖਰੀ ਵਾਰ ਹੋਵੇ ਕਿ ਉਹ ਬਿਹਾਰ ਵਿੱਚ ਆਪਣੀ ਪ੍ਰਭਾਵਸ਼ਾਲੀ ਭੂਮਿਕਾ ਨਿਭਾ ਰਹੇ ਹੋਣ। ਇਸ ਵਾਰ ਦੀਆਂ ਚੋਣਾਂ ਵਿੱਚ ਦੋਵਾਂ ਪਰਿਵਾਰਾਂ ਦੇ ਪੁੱਤਰ ਅੱਗੇ ਆ ਰਹੇ ਹਨ। ਚਰਚਾ ਨਿਤੀਸ਼ ਦੇ ਬੇਟੇ ਨਿਸ਼ਾਂਤ ਕੁਮਾਰ ਦੀ ਸਿਆਸਤ ਵਿੱਚ ਐਂਟਰੀ ਦੀ ਵੀ ਹੋ ਰਹੀ ਹੈ। ਲਾਲੂ ਪ੍ਰਸਾਦ ਦਾ ਪਰਿਵਾਰ ਤਾਂ ਪਹਿਲਾਂ ਹੀ ਆਪਣੀ ਭੂਮਿਕਾ ਨਿਭਾ ਰਿਹਾ ਹੈ। ਉਹਨਾਂ ਦਾ ਵੱਡਾ ਬੇਟਾ ਤੇਜ ਪ੍ਰਤਾਪ ਪਰਿਵਾਰ ਵੱਲੋਂ ਵੱਧ ਸਰਗਰਮ ਹੈ। ਦੂਜੇ ਪਾਸੇ ਪ੍ਰਸ਼ਾਂਤ ਕਿਸ਼ੋਰ ਵੀ ਬਿਹਾਰ ਵਿੱਚ ਆਪਣੀ ਸਿਆਸੀ ਭੂਮਿਕਾ ਨਿਭਾਉਣ ਲਈ ਤਿਆਰ ਬੈਠਾ ਹੈ। ਚੋਣ ਸਰਗਰਮੀਆਂ ਦੇ ਦੌਰਾਨ ਦੋਵਾਂ ਧਿਰਾਂ ਦੇ ਨੇਤਾਵਾਂ ਵਿੱਚ ਸ਼ਬਦੀ-ਜੰਗ ਛਿੜ ਚੁੱਕੀ ਹੈ। ਨੇਤਾਵਾਂ ਵੱਲੋਂ ਸ਼ਬਦਾਂ ਦੀ ਮਰਿਆਦਾ ਭੁਲਾਈ ਜਾ ਚੁੱਕੀ ਹੈ ਸਰਕਾਰੀ ਧਿਰ ਵੱਲੋਂ ਜਿੱਥੇ ਵੋਟਰਾਂ ਨੂੰ ਭਰਮਾਉਣ ਲਈ ਸੁਵਿਧਾਵਾਂ ਦੇਣ ਦਾ ਦੌਰ ਸ਼ੁਰੂ ਹੋ ਚੁੱਕਾ ਹੈ, ਉਥੇ ਨਿਤੀਸ਼ ਕੁਮਾਰ ਵੱਲੋਂ ਬਿਹਾਰ ਵਿੱਚ ਮੁਫ਼ਤ ਬਿਜਲੀ ਸਹੂਲਤ ਦੇਣ ਦਾ ਐਲਾਨ ਵੀ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਵੱਲੋਂ "ਬਿਹਾਰ-ਜੰਗ" ਜਿੱਤਣ ਲਈ ਬਿਹਾਰ 'ਚ ਨਵੇਂ ਪ੍ਰੋਜੈਕਟਾਂ ਦਾ ਹੜ੍ਹ ਲਿਆਂਦਾ ਜਾ ਰਿਹਾ ਹੈ। ਇਹ ਵੱਖਰੀ ਗੱਲ ਹੈ ਕਿ ਇਹਨਾਂ ਯੋਜਨਾਵਾਂ, ਪਰਿਯੋਜਨਾਵਾਂ ਅਤੇ ਭਲਾਈ ਸਕੀਮਾਂ ਦਾ ਲਾਭ ਆਮ ਬਿਹਾਰੀ ਜਨਤਾ ਤੱਕ ਪੁੱਜਦਾ ਵੀ ਹੈ ਜਾਂ ਨਹੀਂ। ਬਿਹਾਰ ਦੇ ਲੋਕ ਅੱਤ ਦੀ ਗ਼ਰੀਬੀ ਹੰਢਾਉਂਦਿਆਂ ਪ੍ਰਵਾਸ ਦੇ ਰਾਹ ਪੈ ਗਏ ਹਨ ਅਤੇ ਪੈ ਰਹੇ ਹਨ। ਕਾਰਨ ਇੱਕੋ ਹੀ ਹੈ ਬਿਹਾਰ ਵਿੱਚ ਰੁਜ਼ਗਾਰ ਦੀ ਕਮੀ ਹੈ, ਸਿੱਖਿਆ ਦੀ ਕਮੀ ਹੈ, ਭ੍ਰਿਸ਼ਟਾਚਾਰ ਜ਼ੋਰਾਂ 'ਤੇ ਹੈ। ਗੈਂਗ ਵਾਰ, ਕਾਨੂੰਨ ਵਿਵਸਥਾ ਅਜ਼ਾਦੀ ਤੋਂ ਬਾਅਦ ਕਿਸੇ ਵੀ ਰਾਜ ਸਰਕਾਰ ਦੇ ਕਾਬੂ 'ਚ ਨਹੀਂ ਆ ਸਕੀ। ਨਤੀਜੇ ਵਜੋਂ ਲੋਕ ਘਰ ਛੱਡ ਕੇ ਮਹਾਰਾਸ਼ਟਰ, ਪੰਜਾਬ, ਹਰਿਆਣਾ ਅਤੇ ਦੇਸ਼ ਦੇ ਹੋਰ ਸੂਬਿਆਂ ਵਿੱਚ ਰੁਜ਼ਗਾਰ ਲਈ ਜਾਂਦੇ ਹਨ। ਕਈ ਵਾਰੀ ਹਾਲਾਤ ਅਜਿਹੇ ਬਣ ਜਾਂਦੇ ਹਨ ਕਿ ਉਹ ਉਥੇ ਹੀ ਪੱਕੇ ਤੌਰ 'ਤੇ ਠਹਿਰ ਜਾਂਦੇ ਹਨ। ਲੱਖਾਂ ਦੀ ਗਿਣਤੀ ਵਿੱਚ ਬਿਹਾਰ ਦੇ ਲੋਕ ਪੰਜਾਬ ਵਿੱਚ ਵੀ ਫੈਲੇ ਹੋਏ ਹਨ, ਜਿੱਥੇ ਉਹ ਆਪਣੀ ਰਿਹਾਇਸ਼ ਅਤੇ ਕਾਰੋਬਾਰ ਸਥਾਪਿਤ ਕਰ ਚੁੱਕੇ ਹਨ। ਇਹਨਾਂ ਲੋਕਾਂ ਵਿੱਚੋਂ ਬਹੁਤੇ ਬਾਹਰਲੇ ਸੂਬਿਆਂ ਵਿੱਚ ਜਾਂਦੇ ਹਨ, ਰੋਜ਼ੀ-ਰੋਟੀ ਕਮਾਉਂਦੇ ਹਨ ਅਤੇ ਤਿਥ-ਤਿਉਹਾਰਾਂ 'ਤੇ ਘਰੀਂ ਪਰਤਦੇ ਹਨ। ਪਰ ਐਤਕੀਂ ਕਿਉਂਕਿ ਬਿਹਾਰ ਵਿਧਾਨ ਸਭਾ ਚੋਣਾਂ ਦਿਵਾਲੀ, ਦੁਸਹਿਰਾ ਆਦਿ ਤਿਉਹਾਰਾਂ ਦੇ ਨੇੜੇ ਆਉਣੀਆਂ ਹਨ, ਅਜਿਹੀ ਸਥਿਤੀ ਵਿੱਚ ਇਹ ਪ੍ਰਵਾਸੀ ਬਿਹਾਰੀ ਇਸ ਵਾਰ ਦੀਆਂ ਬਿਹਾਰ ਚੋਣਾਂ ਵਿੱਚ ਆਪਣੀ ਵੋਟ ਦੀ ਵਰਤੋਂ ਕਰਨਗੇ। ਬਿਹਾਰ ਦੇ ਨੇਤਾਵਾਂ ਵਿੱਚ ਹੁਣ ਹਰਿਆਣਾ, ਪੰਜਾਬ ਅਤੇ ਮਹਾਰਾਸ਼ਟਰ ਵਾਂਗਰ ਇੱਕ ਪਾਰਟੀ ਤੋਂ ਦੂਜੀ ਪਾਰਟੀ ਵਿੱਚ ਆਉਣਾ-ਜਾਣਾ ਆਮ ਹੋ ਗਿਆ ਹੈ। ਇਹ ਪ੍ਰਵਿਰਤੀ ਜੋ ਕਿ ਆਮ ਲੋਕਾਂ ਨਾਲ ਧੋਖਾ ਹੈ, ਵੱਧਦੀ ਜਾ ਰਹੀ ਹੈ। ਬਿਹਾਰ ਚੋਣਾਂ ਵਿੱਚ ਇਹ ਦਲ-ਬਦਲੀ ਆਮ ਹੋਣ ਦੀ ਸੰਭਾਵਨਾ ਹੈ। ਬਿਹਾਰ ਚੋਣਾਂ 'ਚ ਕੌਣ ਜਿੱਤੇਗਾ, ਇਸ ਬਾਰੇ ਅੰਦਾਜ਼ੇ ਹੁਣੇ ਤੋਂ ਲੱਗਣੇ ਸ਼ੁਰੂ ਹੋ ਗਏ ਹਨ। ਬਹਿਸਾਂ ਸਰਵੇ, ਮੀਡੀਆ ਅਤੇ ਸੋਸ਼ਲ ਮੀਡੀਆ 'ਤੇ ਜੰਗ ਤੇਜ਼ ਹੋ ਚੁੱਕੀ ਹੈ। ਬਿਹਾਰ ਵਿੱਚ ਸਮੀਕਰਨ ਵੀ ਬਦਲ ਰਹੇ ਹਨ। ਉਹ ਆਮ ਲੋਕ, ਜੋ ਵੋਟਾਂ ਦੇ ਸ਼ੁੱਧੀਕਰਨ ਦੀ ਭੇਂਟ ਚੜ੍ਹ ਰਹੇ ਹਨ, ਉਹਨਾਂ ਦਾ ਵਤੀਰਾ ਕੀ ਹੋਵੇਗਾ, ਇਹ ਵੇਖਣਾ ਵੀ ਦਿਲਚਸਪ ਹੋਵੇਗਾ। ਬਿਹਾਰ ਵਿੱਚ ਚੋਣਾਂ ਇਸ ਵਾਰ ਮਹੱਤਵਪੂਰਨ ਹਨ, ਕਿਉਂਕਿ ਵੋਟਰਾਂ ਨੂੰ ਵੋਟ ਪਾਉਣ ਦਾ ਅਧਿਕਾਰ ਥਕੇਵੇਂ ਭਰੀ ਇੱਕ ਕਵਾਇਦ ਤੋਂ ਬਾਅਦ ਮੁੜ ਪ੍ਰਾਪਤ ਹੋਏਗਾ। ਇਸ ਅਧਿਕਾਰ ਤੋਂ ਕੁਝ ਲੋਕ ਹਾਲੇ ਵੀ ਵਿਰਵੇ ਰਹਿਣਗੇ। ਗ਼ਰੀਬ ਤੇ ਕਮਜ਼ੋਰ ਤਬਕੇ ਦੇ ਵੋਟਰ ਭਾਵੇਂ ਅਸਿੱਖਿਅਤ ਹੁੰਦੇ ਹਨ, ਪਰ ਸਮੂਹਿਕ ਰੂਪ ਵਿੱਚ ਆਮ ਤੌਰ 'ਤੇ ਉਹਨਾਂ ਦੀ ਸਮਝ ਡੂੰਘੀ ਹੁੰਦੀ ਹੈ। ਉਹ ਜਾਣਦੇ ਹਨ ਕਿ ਉਹਨਾਂ ਦੀ ਸੁਚੱਜੇ ਢੰਗ ਨਾਲ ਨੁਮਾਇੰਦਗੀ ਕਰਨ ਵਾਲਾ ਕੌਣ ਹੋ ਸਕਦਾ ਹੈ। ਉਹ ਇਹ ਵੀ ਜਾਣਦੇ ਹਨ ਕਿ ਸੱਤਾ ਵਿੱਚ ਭਾਵੇਂ ਕੋਈ ਵੀ ਧਿਰ ਹੋਵੇ, ਪਰ ਹਰ ਪੰਜ ਸਾਲ ਬਾਅਦ ਉਹਨਾਂ ਕੋਲ ਇੱਕ ਮੌਕਾ ਹੁੰਦਾ ਹੈਸੱਤਾ ਧਿਰ ਨੂੰ ਬਾਹਰ ਦਾ ਰਸਤਾ ਵਿਖਾਉਣ ਦਾ ਜਾਂ ਘੱਟੋ-ਘੱਟ ਆਪਣੇ ਗੁੱਸੇ ਤੇ ਨਰਾਜ਼ਗੀ ਨੂੰ ਵੋਟ ਰਾਹੀਂ ਜ਼ਾਹਿਰ ਕਰਨ ਦਾ। ਉਹਨਾਂ ਕੋਲ ਵੋਟ ਇੱਕ ਸਾਧਨ ਹੈ ਇੱਕ ਅਧਿਕਾਰ, ਜਿਸ ਰਾਹੀਂ ਉਹ ਆਪਣੀਆਂ ਉਮੀਦਾਂ ਨੂੰ ਜ਼ਿੰਦਾ ਰੱਖਦੇ ਹਨ। ਸਮਾਜਿਕ ਹੈਸੀਅਤ ਹਾਸਿਲ ਕਰਨ ਲਈ ਵੀ ਵੋਟ ਇੱਕ ਅਹਿਮ, ਵਿਅਕਤੀਗਤ ਤੇ ਸਮੂਹਿਕ ਸੰਦ ਹੈ।




ਇਹ ਕਾਲਮ ਨਿਰੋਲ ਕਲਪਨਾ 'ਤੇ ਅਧਾਰਿਤ ਹੈ ਅਤੇ ਇਸ ਦਾ ਕਿਸੇ ਵੀ ਜਿਉਂਦੇ-ਜਾਗਦੇ ਵਿਅਕਤੀ ਨਾਲ ਕੋਈ ਸਿੱਧਾ ਜਾਂ ਅਸਿੱਧਾ ਸਬੰਧ ਨਹੀਂ ਹੈ। ਇਸ ਵਿਚਲੇ ਵਿਚਾਰ ਲੇਖਕ ਦੇ ਹਨ ਤੇ ਅਦਾਰਾ 'ਪੰਜਾਬੀ ਅਖ਼ਬਾਰ' ਇਹਨਾਂ ਵਿਚਾਰਾਂ ਦਾ ਵਿਰੋਧ ਜਾਂ ਇਹਨਾਂ ਦੀ ਪ੍ਰੋੜਤਾ ਨਹੀਂ ਕਰਦਾ ਹੈ।

-ਸੰਪਾਦਕ

# ਫ੍ਰੈਡਰਿਕ ਕ੍ਰਾਇਸਟ ਟਰੰਪ ਸੀਨੀਅਰ ਦੀ ਚਿੱਠੀ ਰਿਸ਼ੀ ਨਾਗਰ ਦੇ ਨਾਮ

ਲਿਖਤੁਮ ਫ੍ਰੈਡਰਿਕ ਕ੍ਰਾਇਸਟ ਟਰੰਪ ਸੀਨੀਅਰ

**ਫ੍ਰੈਡਰਿਕ ਕ੍ਰਾਇਸਟ ਟਰੰਪ ਸੀਨੀਅਰ ਦਾ ਜਨਮ ਜਰਮਨ ਤੋਂ ਆ ਕੇ ਅਮੇਰਿਕਾ ਵਿੱਚ ਆਣ ਵਸੇ ਮਾਪਿਆਂ ਦੇ ਘਰ 11 ਅਕਤੂਬਰ, 1905 ਨੂੰ ਹੋਇਆ ਸੀ। ਨਿਊ ਯੌਰਕ ਦੇ ਬ੍ਰੌਂਕਸ ਵਿੱਚ ਉਸ ਦੀ ਪੈਦਾਇਸ਼ ਹੋਈ। ਸਿਰਫ਼ 15 ਵਰ੍ਹਿਆਂ ਦੀ ਉਮਰ ਵਿੱਚ, ਸਾਲ 1920 ਵਿੱਚ ਉਸ ਨੇ ਘਰ ਵੇਚਣ-ਖਰੀਦਣ ਦਾ ਕੰਮ ਸ਼ੁਰੂ ਕਰ ਦਿੱਤਾ ਸੀ। ਉਸ ਦੇ ਮਾਪਿਆਂ ਵੱਲੋਂ ਸ਼ੁਰੂ ਕੀਤੇ ਗਏ ਘਰ ਬਣਾਉਣ ਦੇ ਕੰਮ ਵਿੱਚ ਉਹ ਸਰਗਰਮੀ ਨਾਲ ਹਿੱਸਾ ਲੈਣ ਲੱਗਿਆ ਤੇ ਉਸ ਨੇ ਟਰੰਪ ਔਰਗੇਨਾਇਜ਼ੇਸ਼ਨ ਨਾਮ ਦੀ ਕੰਪਨੀ ਬਣਾਈ ਜਿਸ ਨੇ ਸਫ਼ਲਤਾ ਦਾ ਸਿਖ਼ਰ ਛੂਹ ਲਿਆ। ਸਿੰਗਲ ਫੈਮਿਲੀ ਘਰ ਬਣਾਉਣ ਤੋਂ ਲੈ ਕੇ ਅਪਾਰਟਮੈਂਟ ਨਿਰਮਾਣ ਦੇ ਕਾਰੋਬਾਰ ਵਿੱਚ ਉਸ ਨੇ ਹਨੇਰੀ ਲੈ ਆਂਦੀ ਤੇ ਦੂਜੀ ਸੰਸਾਰ ਜੰਗ ਵੇਲੇ ਉਸ ਦੇ ਕਾਰੋਬਾਰ ਨੇ ਸਫ਼ਲਤਾ ਦੀਆਂ ਸਾਰੀਆਂ ਹੱਦਾਂ ਟੱਪ ਲਈਆਂ। ਅੰਨ੍ਹੇਵਾਹ ਪ੍ਰੌਫਿਟ ਕਮਾਉਣ ਦੇ ਮਾਮਲੇ ਵਿੱਚ ਅਮੇਰਿਕਨ ਸੰਸਦ ਵੱਲੋਂ ਉਸ ਦੀ ਇਨਵੈਸਟਿਗੇਸ਼ਨ ਵੀ ਕਰਵਾਈ ਗਈ ਸੀ। ਕਾਲੇ ਮੂਲ ਦੇ ਲੋਕਾਂ ਨਾਲ ਭੇਦਭਾਵ ਕਰਨ ਦੇ ਦੋਸ਼ਾਂ ਹੇਠ ਉਸ ਦੇ ਖਿਲਾਫ਼ ਮੁਕੱਦਮਾ ਵੀ ਚਲਾਇਆ ਗਿਆ ਸੀ। 1923 ਵਿੱਚ ਉਸ ਨੇ ਲੰਬਰ ਪੁਲਿੰਗ ਦਾ ਕੰਮ ਵੀ ਕੀਤਾ ਤੇ ਘਰਾਂ ਦੇ ਨਿਰਮਾਣ ਦਾ ਸਾਰਾ ਕੰਮ ਸਿੱਖਿਆ। ਫ੍ਰੈਡਰਿਕ ਨੇ ਸਾਰੀ ਉਮਰ ਸ਼ਰਾਬ ਨਹੀਂ ਪੀਤੀ ਪਰ ਕਈ ਕਾਰੋਬਾਰੀ ਹੇਰਾਫੇਰੀਆਂ ਅਤੇ ਵੱਡੇ ਰਾਜਨੇਤਾਵਾਂ ਦੇ ਨਾਲ ਨੇੜਤਾ ਕਰ-ਕਰ ਕੇ, ਉਹਨਾਂ ਨੂੰ ਡੋਨੇਸ਼ਨਾਂ ਦੇ ਦੇ ਕੇ ਉਸ ਨੇ ਆਪਣਾ ਕਾਰੋਬਾਰ ਬੁਲੰਦੀਆਂ 'ਤੇ ਹੀ ਰੱਖਿਆ। ਉਸ ਉੱਪਰ ਦੋਸ਼ ਸਨ ਕਿ ਉਹ ਹਿਟਲਰ ਤੇ ਉਸ ਦੇ ਸਾਥੀਆਂ ਦਾ ਵੱਡਾ ਹਿਮਾਇਤੀ ਵੀ ਸੀ। ਡੌਨੈਲਡ ਟਰੰਪ ਦੇ ਰੂਪ ਵਿੱਚ ਅਮੇਰਿਕਾ ਨੂੰ 45ਵਾਂ ਅਤੇ 47ਵਾਂ ਰਾਸ਼ਟਰਪਤੀ ਸਦਰ ਦੇਣ ਵਾਸਤੇ ਫ੍ਰੈਡਰਿਕ ਟਰੰਪ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। 25 ਜੂਨ, 1999 ਨੂੰ, 93 ਸਾਲ ਦੀ ਉਮਰ ਵਿੱਚ ਉਸ ਦਾ ਦੇਹਾਂਤ ਹੋ ਗਿਆ। ਹੁਣ ਉਸ ਦੀ ਚਿੱਠੀ ਆਈ ਹੈ।**

**ਮਾਇ ਡੀਅਰ ਰਿਸ਼ੀ,**

ਕਿੱਡਾਂ ਬਈ ਕਾਕਾ? ਸੁਣਿਐ ਤੂੰ ਆਪਣੀ ਅੱਖ ਦਾ ਪਰੇਸ਼ਨ ਕਰਵਾ ਕੇ ਆਇਐਂ? ਹੁਣ ਟਾਂ ਟੇਰੀ ਅੱਖ ਵੱਜਣ ਵਾਲੀ ਬਣ ਗਈ ਹੋਣੀ ਐ! ਹੇਹੇਹੇਹੇ!

ਟੂੰ ਟਾਂ ਮੇਰੇ ਕਾਕੇ ਡੀਆਂ ਸਿਫ਼ਟਾਂ ਸੁਣ ਕੇ ਸੜ ਭੁਜ ਈ ਗਿਐਂ ਲੱਗਡੈ...ਟੁਹਾਨੂੰ ਕਿਸੇ ਨੂੰ ਭੋਰਾ ਅਕਲ ਨੀ ਹੈ ਕਿ ਮੇਰਾ ਮੁੰਡਾ ਕਿੰਨੀ ਮਿਹਨਟ ਕਰਕੇ ਅਮਰੀਕਾ ਨੂੰ ਗ੍ਰੇਟ ਅਗੇਨ ਕਰ ਰਿਹੈ ਟੇ ਟੁਹਾਡੇ ਮੂੰਹੋਂ ਉਸ ਦੀ ਟਾਰੀਫ਼ ਵਿੱਚ ਇਕ ਵੀ ਵਰਡ ਨਹੀਂ ਨਿੱਕਲ ਰਿਹਾ। ਸਾਡੇ ਇੱਧਰ ਟਾਂ ਬਰੀ ਚਰਚਾ ਹੁੰਡੀ ਐ ਮੇਰੇ ਮੁੰਡੇ ਦੀ ! ਲਾ ਲਾ ਲਾ ਲਾ ਕਰਵਾਈ ਪਈ ਐ ਉਹਨੇ ਇਦਰ ਟਾਂ! ਹੇਹੇਹੇਹੇ! ਡੁਨੀਆ ਭਰ ਵਿੱਚ ਉਹਡਾ ਡੰਕਾ ਬਜ ਰਿਹੈ। ਟੇਰੀ ਸੈਟਿਆ ਭੈਣ ਜੀ ਵੀ ਮਿਲਡੀ ਰਹਿੰਡੀ ਐ ਟੇ ਟੇਰੇ ਮੰਮੀ ਡੈਡੀ ਵੀ ਮੈਨੂੰ ਮਿਲਡੇ ਈ ਰਹਿੰਡੇ ਐ।

ਮੇਰੇ ਮੁੰਡੇ ਨੇ ਪਿਛੇ ਜਿਹੇ ਇਕ ਨਵਾਂ ਕਾਨੂੰਨ ਪਾਸ ਕੀਟੈ One Big Beautiful Bill Act. ਟੁਹਾਨੂੰ ਟਾਂ ਵੈਸੇ ਈ ਅੱਗ ਲੱਗ ਗਈ ਹੋਣੀ ਐ ਇਸ ਬਾਰੇ ਸੁਣ ਕੇ! ਟੁਹਾਡੇ ਮੁਲਕ ਵਿੱਚ ਟੈਕਸ ਵਧੀ ਜਾਂਡੈ ਤੇ ਮੇਰਾ ਮੁੰਡਾ ਆਪਣੇ ਮੁਲਕ ਵਿੱਚ ਟੈਕਸ ਘਟਾਈ ਜਾਂਡੈ। ਟੁਹਾਡੇ ਮੁਲਕ ਵਿੱਚ ਓਵਰਟਾਇਮ ਟੁਸੀਂ ਲਾਉ, ਟੈਕਸ ਸਰਕਾਰ ਨੂੰ ਡਿਉ! ਮੇਰੇ ਮੁੰਡੇ ਨੇ ਕਰਟਾ, ਬਈ, ਓਵਰਟਾਇਮ ਲਾਉ ਟੇ ਉਸ ਇਨਕਮ 'ਟੇ ਕੋਈ ਟੈਕਸ ਨਹੀ! ਆਹ ਹੋਈ ਨਾ ਗੱਲ! ਟਿਪ ਵੀ ਲਉ ਤੇ ਟੈਕਸ ਵੀ ਬਚਾਉ! ਜਿਹੜੇ ਬੱਚੇ ਬੱਚੀਆਂ ਬਾਰਾਂ, ਰੈਸਟੋਰੈਂਟਾਂ ਵਿੱਚ ਕੰਮ ਕਰਡੇ ਐ, ਉਹਨਾਂ ਨੂੰ ਵੀ ਮੌਜਾਂ ਲੱਗਣਗੀਆਂ ਹੁਣ! ਮੇਰਾ ਮੁੰਡਾ ਕਹਿੰਡਾ - ਅਮਰੀਕਨ ਕਾਰ ਖਰੀਡੋ ਤੇ 10 ਹਜ਼ਾਰ ਡਾਲਰ ਡਾ ਸਾਲਾਨਾ ਆਟੋ ਲੋਨ ਇੰਟਰੈਸਟ ਬਚਾਉ। ਡੇਖਿਆ ਜੇ ਮੇਰਾ ਕਾਕਾ ਕਿੰਨਾ ਚੰਗਾ ਜੇ! ਟੇ ਟੁਸੀਂ? ਚੂਪੋ ਪੋਨੇ ਹੁਣ!

ਮੇਰੇ ਕਾਕੇ ਨੇ ਟਾਂ ਬਜ਼ੁਰਗਾਂ ਡਾ ਵੀ ਮਾਣ ਰੱਖਿਐ ਅਮਰੀਕਾ ਵਿੱਚ। ਬਜ਼ੁਰਗਾਂ ਲਈ ਉਹਨੇ 6000 ਡਾਲਰ ਟੱਕ ਦੀ ਟੈਕਸ ਛੋਟ ਡੇਣ ਦਾ ਐਲਾਨ ਕਰਟਾ ਈ! ਬਾਬੇ ਵੀ ਹੁਣ ਭੰਗੜਾ ਪਾਉਣਗੇ। ਟੁਹਾਡਾ ਇਕ ਗੀਤ ਵੀ ਐ, ਬਾਬਾ ਆਣ ਕੇ ਕਨੇਡਾ ਵਿੱਚ ਬੋਰ ਹੋ ਗਿਆ...ਪਰ ਮਰੀਕਾ ਵਿੱਚ ਇਹ ਗੱਲ ਨਹੀਂ ਰਹੀ ਹੁਣ... ਬਾਬਾ ਆਣ ਕੇ 'ਮਰੀਕਾ ਵਿੱਚ 'ਮੀਰ ਹੋ ਗਿਆ ਡਾ ਗੀਟ ਬਣਾਉ ਹੁਣ। ਕਹਿ ਡਿਉ ਮਨਮੋਹਨ ਵਾਰਸ ਨੂੰ ਨਵਾਂ ਗੀਟ ਬਣਾਵੇ ਹੁਣ!

ਬਾਈ ਕਾਕਾ ਰਿਸ਼ੀ, ਟੁਹਾਡੇ ਮੁਲਕ ਵਿੱਚ ਬੈਟਰੀ ਵਾਲੀਆਂ ਕਾਰਾਂ 'ਤੇ ਸਬਸਿਡੀ ਮਿਲਡੀ ਹੁੰਡੀ ਸੀ, ਮਿਲਡੀ ਐ ਹੁਣ ਵੀ ਕਿ ਨਹੀਂ? ਮਿਲਡੀ ਹੋਣੀ ਐ 5 ਕੁ ਹਜ਼ਾਰ ਡਾਲਰ। ਮੇਰੇ ਮੁੰਡੇ ਨੇ ਚੱਕਟੀ ਸਾਰੀ ਸਬਸਿਡੀ ਸੁਬਸਿਡੀ! ਡਰਾਮਾ ਕੀਟਾ ਸੀ ਉਹ ਬਾਂਡਰ ਮੂੰਹੇ ਐਲੋਨ ਮਸਕ ਨੇ! ਜਿਹੜਾ ਮਜ਼ਾ ਗੱਡੀ ਦੀ ਘੂੰ ਘੂੰ - ਘੇਂ ਘੇਂ ਵਿੱਚ ਹੁੰਡੈ, ਉਹ ਕਿਟੇ ਚੁੱਪ ਚੁਪੀਟੀ ਟੁਰੀ ਜਾਂਦੀ ਕਾਰ ਵਿੱਚ ਹੁੰਡਾ ਭਲਾ? ਬੈਟਰੀ ਵਾਲੀ ਕਾਰ ਟਾਂ ਇਉਂ ਟੁਰੀ ਜਾਂਡੀ ਹੁੰਡੀ ਐ ਜਿੱਡਾਂ ਉਹਡੀ ਭੂਆ ਮਰ ਗਈ ਹੋਵੇ ਟੇ ਉਹ ਮਸੋਸ ਕਰਨ ਚੱਲੀ ਹੋਵੇ! ਬੰਡਾ ਜਾਵੇ ਆਪਣੀ ਗੱਡੀ ਵਿੱਚ ਮੌਜ ਮਸਟੀ ਕਰੇ...ਬੈਟਰੀ ਵਾਲੀ ਕਾਰ ਟਾਂ ਇਉਂ ਜਾਂਡੀ ਜਿੱਡਾਂ ਉਹਦੇ ਮੂੰਹ 'ਤੇ ਭੂੰਡ ਲੜੇ ਹੁੰਡੇ ਐ।

ਆਹ ਜਿਹੜੇ ਮੂੰਹ ਚੁੱਕ ਚੁੱਕ ਕੇ ਮਰੀਕਾ ਵੱਲ ਟੁਰੀ ਆਉਂਡੇ ਸੀ...ਮਰੇ ਮਕਸੀਕਾ ਤੇ ਕਰੇ ਕਨੇਡਾ ਵਾਲੇ ਪਾਸਿਓਂ...ਮੇਰੇ ਮੁੰਡੇ ਨੇ ਕਹਿਟਾ ਹੁਣ...ਸਾਢੇ 46 ਬਿਲੀਅਨ ਡਾਲਰ ਨਾਲ ਮਕਸੀਕੋ ਤੇ ਅਮਰੀਕਾ ਡਾ ਬਾਡਰ ਬੰਡ ਕਰਨਾ ਕੰਢ ਕੱਢ ਕੇ। ਮਜਾਲ ਐ ਕੋਈ ਖੰਘ ਵੀ ਜਾਵੇ ਸਾਡੇ ਅੱਲ ਹੁਣ।

ਨਾਲੇ 45 ਬਿਲੀਅਨ ਡਾਲਰ ਦਾ ਖ਼ਰਚਾ ਕਰਕੇ ਡਿਟੈਂਸ਼ਨ ਸੈਂਟਰ ਬਣਾ ਕੇ ਇਕ ਲੱਖ ਬੰਡੇ ਨੂੰ ਡੱਕਣਾ ਹੁਣ ਤੇ ਫੇਰ ਟੋਰਨਾ ਉਹਨੂੰ ਉਹਡੇ ਮੁਲਕ ਅੱਲ ਨੂੰ...ਮਰੀਕਾ ਆ ਕੇ ਚਾਂਗਰਾਂ ਮਾਰਡੇ ਫਿਰਡੇ ਸੀ ਪਈ ਜੱਟਾਂ ਡੇ ਪੁੱਟਾਂ ਨੂੰ ਰੋਕ ਸਕੇ ਨਾ ਟਰੰਪ, ਬਿੱਲੋ ਡੁੱਕੀ ਟਿੱਕੀ ਸ਼ਿੱਕੀ ਡੀ ਟਾਂ ਗੱਲ ਛੱਡ ਡੇ...ਟੋਰੇ ਨਾ ਫਿਰ ਸੰਗਲ ਪਾ ਪਾ ਕੇ ਸਾਰੇ...ਡੁੱਕੀ ਟਿੱਕੀ ਸ਼ਿੱਕੀ ਬਣਾ ਕੇ ਟੋਰੇ ਆ ਤੇ ਮਿਲੋ ਹੁਣ ਜਾ ਕੇ ਬਿੱਲੋ ਨੂੰ ਆਪਣੀ। ਬੇਸ਼ਰਮ ਕਿਸੇ ਠਾਂ ਦੇ। ਕਹਿ ਹੁਣ ਆਪਣੇ ਚੀਮੇ ਵਾਈ ਨੂੰ ਨਵਾਂ ਗੀਤ ਲਿਖੇ ਕੋਈ। ਡੁੱਕੀ ਟਿੱਕੀ ਸ਼ਿੱਕੀ...!

ਮੇਰੇ ਮੁੰਡੇ ਨੇ ਟਾਂ 3000 ਨਵੇਂ ਬੌਰਡਰ ਏਜੰਟ ਭਰਟੀ ਕਰਨ ਲਈ ਵੀ ਰਕਮ ਜਾਰੀ ਕਰਟੀ ਆ। ਡੇਖਡੇ ਆਂ ਕਿੱਦਰੋਂ ਡੀ ਵਰਡੇ ਓ ਟੁਸੀਂ ਹੁਣ ਮਰੀਕਾ।

ਨਾਲੇ ਪਾਕਿਸਟਾਨੀਆਂ ਤੇ ਇਜ਼ਰਾਇਲੀਆਂ ਨੇ ਲਿਖ ਕੇ ਕਹਿਟਾ....ਨੋਬਲ ਇਨਾਮ ਕਮੇਟੀ ਨੂੰ ... ਪਈ ਮੇਰੇ ਮੁੰਡੇ ਨੂੰ ਡਿਉ ਨੋਬਲ ਇਨਾਮ! ਡੇਖਡੇ ਆਂ ਕਿੱਡਾਂ ਨਹੀਂ ਡਿੰਡੇ ਉਹਨੂੰ। ਨਾਲੇ ਈਰਾਨ ਨੂੰ ਮੂੰਹ ਭਰ ਭਰ ਕੇ ਗਾਲਾਂ ਕੱਡੀ ਜਾਂਡੇ ਓ...ਟੇ ਜੜੋਂ ਮੇਰੇ ਕਾਕੇ ਨੇ ਇਰਾਨ ਢਾਹ ਲਿਆ ਟਾਂ ਕਹਿੰਡੇ ਓ ਇਹਨੂੰ ਨੋਬਲ ਇਨਾਮ ਕਾਹਡਾ, ਇਹਨੇ ਟਾਂ ਜੰਗ ਸ਼ੁਰੂ ਕੀਟੀ ਐ? ਓ ਬੇਸ਼ਰਮੋ, ਇੰਡੀਆ ਪਾਕ ਜੰਗ ਉਹਨੇ ਰੋਕੀ। ਇਜ਼ਰਾਇਲ-ਇਰਾਨ ਜੰਗ ਉਹਨੇ ਰੋਕੀ। ਪਿਛਲੀ ਵਾਰੀ ਵਿੱਚ ਅਫਗਾਨੀ ਜੰਗ ਬੰਡ ਕਰਾ ਕੇ ਗਿਆ ਸੀ।

ਕਨੇਡਾ ਆਲਿਓ, ਮੇਰੇ ਮੁੰਡੇ ਦੀ ਹਿਮੈਟ ਕਰੋ, ਨਹੀਂ ਟਾਂ ਫੇ ਨਾ ਕਹੀਓ ਡੱਸਿਆ ਨਹੀਂ...ਜੜੋਂ ਉਹਨੂੰ ਨੋਬਲ ਇਨਾਮ ਮਿਲ ਗਿਆ ਟਾਂ ਕਨੇਡੇ ਵਾਲੇ ਨਿਉਕਲੀਅਰ ਰੀਐਕਟਰਜ਼ ਵੀ ਢਾਹੁਣੇ ਆ। ਹੁਣੇ ਡੱਸ ਡਿੰਨਾ ਟੈਨੂੰ ਮੈਂ। ਨਾਲੇ ਜੇ ਉਹਨੂੰ ਨੋਬਲ ਇਨਾਮ ਨਾ ਨਾ ਜੇ ਡਿੱਟਾ ਉਹਨਾਂ ਨੇ.ਟਾਂ ਡੇਖੀ ਜਾਈਂ, ਉਹਨੇ ਨੋਬਲ ਇਨਾਮ 'ਟੇ ਵੀ ਲਾ ਕੇ ਡੇਣਾ ਟੈਰਿਫ਼...ਫੇ ਡੇਖਣਗੇ ਅੱਡੀਆਂ ਚੁੱਕ ਚੁੱਕ ਕੇ!

ਮੇਰੇ ਮੁੰਡੇ ਨੇ ਸਾਰੀ ਉਮਰ ਕਾਰੋਬਾਰ ਕੀਟੈ ਤੇ ਉਹ ਵੀ ਬਰਾ ਈ ਸਕਸੈਸਫੁਲ ਕਾਰੋਬਾਰ ਕੀਟੈ ਜੇ ਉਸ ਨੇ! ਹੁਣ ਉਹ ਮੁਲਕ ਨੂੰ ਬਿਜ਼ਨਸ ਵਾਂਗ ਚਲਾ ਰਿਹੈ। ਘਾਟਾ ਕਿਮੇਂ ਪੈ ਜੂ... ਪਹਿਲਾਂ ਕਡੀ ਪਿਐ ਘਾਟਾ ਉਹਨੂੰ? ਸਾਰੇ ਅਮਰੀਕਾ ਡਾ ਟਿੱਲ ਜੋਰ ਲੱਗ ਗਿਆ ਸੀ ਉਹਨੂੰ ਅੰਡਰ ਡੇਣ ਨੂੰ... ਹੋਇਆ ਉਹ ਅੰਡਰ ਭਲਾ? ਕਿਹਰਾ ਜੰਮਿਆ ਉਹਨੂੰ ਅੰਡਰ ਡੇਣ ਵਾਲਾ? ਲਾ ਲਾ ਕੇ ਟੈਰਿਫ਼ ਉਹਨੇ ਤੁਹਾਡੇ ਅਰਗੇ ਸਾਰਿਆਂ ਦੀਆਂ ਵੱਖੀਆਂ ਭੰਨ ਡੇਣੀਆਂ। ਟੁਸੀਂ ਟਾਂ ਆਪਣੀਆਂ ਵੱਖੀਆਂ ਸੇਕਣ ਵਾਲੀ ਇੱਟ ਡਾ ਰੋੜਾ ਵੀ ਸਾਡੇ ਤੋਂ ਮੰਗਵਾਉਂਡੇ ਓ। ਹੈ ਕੀ ਟੁਹਾਡੇ ਪੱਲੇ? ਤੁਹਾਡੇ ਟਾਂ ਜੇ ਕੋਈ ਪ੍ਰਾਹੁਣਾ ਆ ਜਾਵੇ ਟਾਂ ਟੁਸੀਂ ਟਾਂ ਮਟਰੀ ਵੀ ਸਾਡੇ ਮਰੀਕਾ ਟੋਂ ਮੰਗਵਾਉਂਦੇ ਓ ਤੇ ਲਾਲ ਬੱਟਾ ਵੀ ਗੋਲੀ ਵਾਲਾ; ਡੁਢ ਸੋਡਾ ਬਣਾਉਣ ਨੂੰ। ਹੈ ਕੀ ਟੁਹਾਡੇ ਕੋਲ?

ਇਲੋਨ ਮਸਕ ਵਰਗੇ ਕਾਰਟੂਨ ਨੂੰ ਉਹਨੇ ਅਮੀਰ ਟਰੀਨ ਬੰਡਾ ਬਣਾਇਆ...ਡੇ ਡੇ ਕੇ ਉਹਨੂੰ ਸਬਸਿਡੀਆਂ ਤੇ ਮੰਟਰੀ ਦੀ ਪੋਸਟ..ਕਿਟੇ ਡਾ ਕਿਟੇ ਪਹੁੰਚਾ'ਟਾ...ਨਹੀਂ ਟਾਂ ਅੱਜ ਕਿਸੇ ਸੈਕਲ ਡੇ ਪਿਛੇ ਰੱਖ ਕੇ ਟੋਕਰੀ ਕਿਟੇ ਸਬਜ਼ੀਆਂ ਵੇਚਡਾ ਹੋਣਾ ਸੀ ਉਹਨੇ! ਅਖੇ ਹੁਣ ਉਹ ਆਪਣੀ ਪਾਰਟੀ ਬਣਾਊ...ਕਿਆ ਪਿੱਡੀ ਤੇ ਕਿਆ ਪਿੱਡੀ ਦਾ ਸ਼ੋਰਬਾ, ਰਿਸ਼ੀ ਬਾਬੂ! ਜਿੱਡਾਂ ਪਾਕਿਸਟਾਨ ਵਿੱਚ ਸ਼ੇਖ ਰਸ਼ੀਡ ਆਪਣੀ ਪਾਰਟੀ ਬਣਾਈ ਫਿਰਡੈ ਤੇ ਇੰਡੀਆ ਵਿੱਚ ਮਾਇਆਵਟੀ ਡੀ ਪਾਰਟੀ ਐ...ਇਉਂ ਈ ਇਲੋਨ ਮਸਕ ਵੀ ਬਣਾ ਲਵੇ ਆਪਣੀ ਪਾਰਟੀ...ਆਇਆ ਵੱਡਾ ਨਾਢੂ ਖਾਂ! ਲਾ ਕੇ ਟੈਰਿਫ਼ ਉਹਡੀ ਪਾਰਟੀ ਵੀ ਕਰਾਊ ਬੰਡ ਮੇਰਾ ਮੁੰਡਾ!

ਟੁਹਾਡੀ ਕਿਸੇ ਸਰਕਾਰ ਨੇ ਕੋਈ ਪਾਇਪਲਾਇਨ ਨਹੀਂ ਬਣਵਾਈ ਟੇਲ ਤੇ ਗੈਸ ਬਾਹਰਲੇ ਮੁਲਕਾਂ ਨੂੰ ਵੇਚਣ ਲਈ...ਹੁਣ ਚੂਪੋ ਪੋਨੇ...ਪਾਇਪਲਾਇਨ ਡਸ ਸਾਲ ਤੱਕ ਨਹੀਂ ਬਣਦੀ ਟੁਹਾਡੇ ਕੋਲੋਂ...ਉਨੀ ਡੇਰ ਟੱਕ ਕੀ ਕਰਨਾ ਟੁਸੀਂ ਟੇਲ ਟੇ ਗੈਸ ਡਾ? ਇਹ ਟਾਂ ਸਾਨੂੰ ਈ ਵੇਚਣੀ ਪੈਣੀ...ਅਸੀਂ ਆਪਣੀ ਮਰਜ਼ੀ ਨਾਲ ਲਾਵਾਂਗੇ ਟੈਰਿਫ਼...ਨਹੀਂ ਪੁੱਗਡਾ ਸੌਡਾ ਟਾਂ ਲਿਫਾਫਿਆਂ ਚ ਪਾ ਕੇ ਭੇਜ ਡਿਉ ਜਰਮਨੀ ਟੇ ਜਪਾਨ ਨੂੰ! ਡੀਵੇ ਬਾਲ ਲਿਆ ਕਰੀਓ ਟੇਲ ਟੇ ਗੈਸ ਦੇ! ਆਏ ਵੱਡੇ ਗ਼ੈਰਟੀ ਲੋਕ!

ਰਿਸ਼ੀ ਕਾਕਾ...ਡੇਖੀ ਜਾ ਕੀ ਬਣਡਾ ਡੁਨੀਆ ਦਾ...ਮੇਰਾ ਮੁੰਡਾ ਕਰੂ ਸਿੱਧੇ ਸਾਰਿਆਂ ਨੂੰ! ਮੈਕਸੀਕੋ ਵਾਲੇ ਬਰੇ ਟੱਪਡੇ ਸੀ...ਵਿਚੇ ਬ੍ਰਜ਼ੀਲ ਆਲੇ...ਮੈਂ ਟਾਂ ਘੱਲਿਆ ਸੁਨੇਹਾ ਆਪਣੇ ਕਾਕੇ ਨੂੰ ਪਈ ਰੂਸ ਨੂੰ ਵੀ ਟੰਗ ਜ਼ਰਾ ਤੇ ਨਾਲੇ ਇਜ਼ਰਾਇਲ ਨੂੰ ਕਰ ਥੋਰਾ ਟੈਟ...ਪਟਾ ਲੱਗੇ ਇਹਨਾਂ ਨੂੰ!

ਨਾਲੇ ਡੁਨੀਆ ਆਲਿਆਂ ਨੂੰ ਪਟਾ ਲੱਗਣਾ ਚਾਹੀਡਾ ਕੋਈ ਐਸਾ ਸਡਰ ਆਇਆ ਸੀ ਅਮਰੀਕਾ ਦਾ ਜਿਹਨੇ ਸਾਰੀ ਡੁਨੀਆ ਗੋਲ ਗੋਲ ਘੁਮਾ'ਟੀ ਸੀ। ਸਾਰੇ ਹੁਣ ਘੁੰਮਣ ਘੇਰੀਆਂ ਖਾਂਡੇ ਫਿਰਡੇ ਐ! ਨਾ ਅਕਲ ਲਿਆਂਡੀ ਟਿਕਾਣੇ 'ਟੇ ਇਹਨਾਂ ਡੀ, ਟਾਂ ਡੌਨੂੰ ਵੀ ਮੇਰਾ ਮੁੰਡਾ ਨਹੀਂ! ਅਸੀਂ ਆਪਣੇ ਮੁੰਡੇ ਨੂੰ ਛੋਟੇ ਹੁੰਡੇ ਨੂੰ ਡੌਨੂੰ ਕਹਿੰਡੇ ਹੁੰਡੇ ਸੀ। ਲਵ ਨੇਮ ਸੀ ਇਹਡਾ - ਡੌਨੂੰ! ਡੌਨੂੰ ਸਾਡੇ ਨੇ ਸਾਰਿਆਂ ਨੂੰ ਡੌਰ ਭੌਰ ਨਾ ਕਰਟਾ ਟਾਂ ਕਹੀਂ।

ਟੁਸੀਂ ਬਰਾ ਚੁਣਿਆ ਸੀ ਮਾਰਕ ਕਾਰਨੀ... ਅਖੇ ਬਹੁਤ ਵੱਡਾ ਇਕੌਨਿਮਿਸਟ ਐ...ਕੱਢ ਕੇ ਬਾਹਰ ਰੱਖਟੀ ਉਹਦੀ ਇਕਨੌਮਿਕਸ ਸਾਰੀ ਡੀ ਸਾਰੀ! ਹੁਣ ਆਪੇ ਕਹਿੰਡਾ...ਪਈ ਡੌਨੂੰ ਨਹੀਂ ਮੰਨਡਾ ਬਿਨਾ ਟੈਰਿਫ਼ ਤੋਂ ਗੱਲ ਕਰਨ ਲਈ...ਥੋਰੇ ਬਹੁਟ ਟਾਂ ਟੈਰਿਫਲ ਮੰਨਣੇ ਈ ਪੈਣੇ ਆ। ਲੁਆਟੇ ਨਾ ਗੋਡੇ ਫੇ ...ਬਰਾ ਆਕਰਡਾ ਸੀ ਡੋ ਡੋ ਬੈਂਕਾਂ ਡਾ ਗਵਰਨਰ ਰਿਹੈ...ਔਹ ਪਈ ਜੇ ਮੇਜ 'ਟੇ ਉਹਦੀ ਗਵਰਨਰੀ...ਚੱਟੀ ਜਾਉ ਉਹਨੂੰ ਹੁਣ! ਕਹਿੰਡਾ ਸੀ ਐਲਬੋ ਅੱਪ, ਐਲਬੋ ਅੱਪ...ਟੇ ਟੁਸੀਂ ਸਾਰੇ ਉਹਡੇ ਮਗਰ ਲੱਗੇ ਪਏ ਸੀ... ਕੂਹਣੀਆਂ ਚੁੱਕ ਚੁੱਕ ਕੇ ਅਮਰੀਕਾ ਅੱਲ ਨੂੰ ਕਹਿੰਡੇ ਸੀ - ਐਲਬੋ ਅੱਪ ਐਲਬੋ ਅਪ...ਚੁੱਕੋ ਹੁਣ ਕੂਣੀਆਂ, ਕਰੋ ਜ਼ਰਾ ਐਲਬੋ ਅੱਪ...ਟੁਹਾਡੀਆਂ ਕਾਲੀਆਂ, ਖੁਸ਼ਕ ਕੂਹਣੀਆਂ ਕੀਹਨੇ ਡੇਖਣੀਆਂ ਓਇ! ਟੁਹਾਡੀ ਟਾਂ ਆਪਣੀ ਇਕ ਕੰਜ਼ਰਵੇਟਿਵ ਐਮਪੀ ਬੀਬੀ ਕਹੀ ਜਾਂਡੀ ਐ ਲਿਬਰਲਾਂ ਨੂੰ ਪਈ ਹੁਣ ਕਿਠੇ ਜੇ ਟੁਹਾਡੀਆਂ ਕੂਹਣੀਆਂ...ਲੱਗਡੈ ਟੁੱਟ ਗਈਆਂ ਐਲਬੋ ਟੁਹਾਡੀਆਂ ਜਿਹੜੀਆਂ ਹੁਣ ਅੱਪ ਹੁੰਡੀਆਂ ਈ ਨਹੀਂ!

ਨਾਲੇ ਔਹ ਮੋਟਾ ਜਿਹਾ ਓਂਟੈਰੀਓ ਵਾਲਾ...ਜਿਹਰਾ ਅਮਰੀਕਾ ਆਲੇ ਰੌਲੇ ਰੱਪੇ 'ਚ ਆਪਣਾ ਟੱਟੂ ਭਜਾ ਕੇ ਚਾਰ ਹੋਰ ਸਾਲਾਂ ਲਈ ਸਰਕਾਰ ਬਣਾ ਗਿਆ। ਵੈਸੇ ਮੈਨੂੰ ਟੋਰੰਟੋ ਵਾਲਿਆਂ 'ਟੇ ਟਰਸ ਆਉਂਦਾ ਪਈ ਕਿੱਡਾਂ ਉਹਦੇ ਝਾਂਸੇ 'ਚ ਆ ਗਏ ਪਈ ਬਿਜਲੀ ਕਰੂ ਬੰਡ ਉਹ ਸਾਡੀ! ਕਰੇ ਖਾਂ ਸਾਡੀ ਬਿਜਲੀ ਬੰਡ ਉਹ ਜ਼ਰਾ! ਕਰਡਾ ਕਿਉਂ ਨਹੀਂ...ਹਨੇਰਾ ਹੋ ਗਿਆ ਓਂਟੈਰੀਓ ਵਿੱਚ ਟੇ ਉਹਨੂੰ ਬਿਜਲੀ ਬੰਡ ਕਰਨ ਵਲਾ ਸੁੱਚ ਨਹੀਂ ਲੱਭਡਾ ਹੋਣਾ ਹੁਣ! ਜਿੱਡਾਂ ਡੇ ਟੁਸੀਂ, ਓਡਾਂ ਡੇ ਟੁਹਾਡੇ ਲੀਡਰ!

ਸਾਰੀ ਡੁਨੀਆ ਲੁੱਟ ਕੇ ਖਾ ਗਈ ਮਰੀਕਾ ਨੂੰ...ਕਡੀ ਕਿਟੇ ਪੈਸਾ ਲਗਵਾ ਲਿਆ ਕਡੀ ਕਿਟੇ..ਸਾਨੂੰ ਕਰਜ਼ਾਈ ਕੀਟਾ ਪਿਐ ਇਹਨਾਂ ਨੇ ਰਲ ਕੇ..ਹੁਣ ਸਾਰੀ ਡੁਨੀਆ ਨਾ ਕਰਜ਼ਾਈ ਕੀਟੀ ਸਾਡੇ ਡੌਨੂੰ ਨੇ ਟਾਂ ਉਹਨੂੰ ਕੌਣ ਅਮਰੀਕਾ ਡਾ ਸਡਰ ਕਹੂ!

ਇਕ ਚਿੱਠੀ ਲਿਖ ਆਪਣੇ ਵੱਲੋਂ ਨੋਬਲ ਇਨਾਮ ਆਲਿਆਂ ਨੂੰ...ਪਈ ਸਾਡੇ ਡੌਨੂੰ ਨੂੰ ਇਸ ਸਾਲ ਡਾ ਇਨਾਮ ਡਿਉ..ਨਹੀਂ ਟਾਂ ਅਗਲੇ ਸਾਲ ਟੁਸੀਂ ਇਹ ਇਨਾਮ ਡੇਣ ਜੋਗੇ ਰਹਿ ਨਹੀਂ ਸਕਣਾ। ਕਡੀ ਕਿਸੇ ਮਾਸਟਰ ਨੂੰ ਡੇ ਡਿੰਡੇ ਆ ਨੋਬਲ ਇਨਾਮ ਕਡੀ ਕਿਸੇ ਹਕੀਮ ਨੂੰ। ਡਿਉ ਇਹ ਇਨਾਮ ਮੇਰੇ ਡੌਨੂੰ ਨੂੰ! ਲਿਖ ਡਈਂ ਹੁਣ ਬੰਡਾ ਬਣ ਕੇ ਚਿੱਠੀ!

ਬਾਕੀ ਫੇਰ ਕਡੀ ਲਿਖੂੰਗਾ

ਟੇਰਾ ਟਾਇਆ,

ਫ੍ਰੈਡਰਿਕ ਕ੍ਰਾਇਸਟ ਟਰੰਪ ਸੀਨੀਅਰ !

## ਸ਼ਾਂਤਮਈ ਸੰਘਰਸ਼ ਦੀ ਜਿੱਤ ਦਾ ਇਤਿਹਾਸ

# ਮੋਰਚਾ ਗੁਰੂ ਕਾ ਬਾਗ਼



ਜਸਵਿੰਦਰ ਸਿੰਘ "ਰੁਪਾਲ"
ਵਟਸਐਪ ਨੰਬਰ +91 9814715796

ਜਿੱਥੇ ਗੁਰਮਤਿ ਦੇ ਸਿਧਾਂਤ ਸੇਵਾ, ਸਿਮਰਨ, ਪ੍ਰੇਮ, ਸਾਂਝ ਅਤੇ ਕੁਰਬਾਨੀ , ਅੱਜ ਤੱਕ ਲਾਗੂ ਹੁੰਦੇ ਵੇਖਦੇ ਹਾਂ, ਉੱਥੇ ਦੂਜੇ ਪਾਸੇ ਅਣਖ, ਬਹਾਦਰੀ, ਨਿਰਭੈਤਾ, ਆਪਣੇ ਹੱਕਾਂ ਲਈ ਜ਼ੁਲਮ ਵਿਰੁੱਧ ਅੰਤ ਤੱਕ ਲੜਨਾ ਵੀ ਸਾਨੂੰ ਵਿਰਸੇ ਵਿੱਚ ਹੀ ਮਿਲਿਆ ਹੈ। ਇਹੀ ਕਾਰਨ ਹੈ ਕਿ ਗੁਰੂ ਸਾਹਿਬਾਨ ਦੇ ਸਮੇਂ ਤੋਂ ਅਜੋਕੇ ਸਮੇਂ ਤੱਕ ਖਾਲਸੇ ਦੀ ਰਾਜ ਸ਼ਕਤੀ ਨਾਲ ਟੱਕਰ ਹੁੰਦੀ ਆਈ ਹੈ। ਤੇਗ ਦੀ ਧਾਰ ਵਿਚੋਂ ਜੰਮਿਆ ਖਾਲਸਾ ÷ਕਬਹੂੰ ਨ ਛਾਡੈ ਖੇਤਿ÷ ਦੀ ਗੁੜਤੀ ਲਈ ਹੋਣ ਕਾਰਨ ਪੁਰਜਾ ਪੁਰਜਾ ਕਟਵਾ ਕੇ ਖਤਮ ਤਾਂ ਭਾਵੇਂ ਹੋ ਜਾਵੇ, ਪਰ ਜਿੱਤ ਤੱਕ ਲੜਦੇ ਰਹਿਣਾ ਕਦੇ ਨਹੀਂ ਭੁੱਲਦਾ। ਅੱਜ ਅਸੀਂ ਸ਼ਾਂਤਮਈ ਸਿੱਖ ਸੰਘਰਸ਼ ਦੀ ਦਾਸਤਾਂ ਬਿਆਨ ਕਰਨ ਵਾਲੇ ਇੱਕ ਅਜਿਹੇ ਹੀ ਸਾਕੇ ਬਾਰੇ ਗੱਲ ਕਰਾਂਗੇ, ਜੋ ਸਿੱਖ ਇਤਿਹਾਸ ਵਿੱਚ ਮੋਰਚਾ ਗੁਰੂ ਕਾ ਬਾਗ਼ ਨਾਂ ਨਾਲ ਜਾਣਿਆ ਜਾਂਦਾ ਹੈ।

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਨੇ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਲੈਣਾ ਸ਼ੁਰੂ ਕਰ ਦਿੱਤਾ ਸੀ। ਮਹੰਤਾਂ ਦੇ ਕਬਜੇ ਹੇਠ ਆਏ ਹੋਏ ਗੁਰਦੁਆਰੇ ਛੁਡਵਾਏ ਜਾ ਰਹੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਆ ਚੁੱਕੀ ਸੀ ਅਤੇ ਗੁਰਦੁਆਰਿਆਂ ਅੰਦਰ ਖੁੱਸੀ ਹੋਈ ਮਰਿਯਾਦਾ ਬਹਾਲ ਕੀਤੀ ਜਾ ਰਹੀ ਸੀ। ਅੰਮ੍ਰਿਤਸਰ ਤੋਂ 13 ਕੁ ਮੀਲ ਦੂਰ ਪਿੰਡ ਘੁਕੇਵਾਲੀ ਵਿੱਚ ਗੁਰਦੁਆਰਾ ਗੁਰੂ ਕਾ ਬਾਗ਼ ਸਥਿਤ ਹੈ ਜਿੱਥੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਅਤੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੇ ਚਰਨ ਪਾਏ ਸਨ। ਗੁਰਦੁਆਰੇ ਕੋਲ ਗੁਰੂ ਤੇਗ ਬਹਾਦਰ ਜੀ ਨੇ ਇੱਕ ਬਾਗ਼ ਲਗਵਾਇਆ ਸੀ, ਜਿਹੜਾ ਗੁਰੂ ਕਾ ਬਾਗ਼ ਕਰਕੇ ਜਾਣਿਆ ਜਾਣ ਲੱਗਾ। ਇਹ ਗੁਰਦੁਆਰਾ ਮਹੰਤ ਸੁੰਦਰ ਦਾਸ ਦੇ ਕਬਜੇ ਵਿੱਚ ਸੀ। ਇਹ ਮਹੰਤ ਵਿਭਚਾਰੀ ਅਤੇ ਅਯਾਸ਼ ਕਿਸਮ ਦਾ ਵਿਅਕਤੀ ਸੀ ਨਨਕਾਣਾ ਸਾਹਿਬ ਦੇ ਮਹੰਤ ਲਛਮਣ ਦਾਸ ਦਾ ਲੰਗੋਟੀਆ ਯਾਰ ਸੀ। ਸੁੰਦਰ ਦਾਸ ਨੇ ਬਿਨਾਂ ਵਿਆਹ ਕਰਵਾਏ ਤੋਂ ਦੋ ਇਸਤਰੀਆਂ ਈਸ਼ਰੋ ਅਤੇ ਜਗਦੇਈ ਰੱਖੀਆਂ ਹੋਈਆਂ ਸਨ। ਜਦੋਂ ਸੁਧਾਰ ਲਹਿਰ ਦਾ ਧਿਆਨ ਇਸ ਪਾਸੇ ਆਇਆ, ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਈ ਦਾਨ ਸਿੰਘ ਅਤੇ ਕਰਤਾਰ ਸਿੰਘ ਝੱਬਰ ਦੀ ਨਿਗਰਾਨੀ ਹੇਠ ਇੱਕ ਜੱਥਾ 31 ਜਨਵਰੀ 1921 ਨੂੰ ਇਸ ਮਹੰਤ ਨੂੰ ਸਮਝਾਉਣ ਲਈ ਭੇਜਿਆ ਗਿਆ। ਇਸ ਜੱਥੇ ਦੇ ਦਲੀਲਪੂਰਨ ਗੱਲ ਕਰਨ ਨਾਲ ਇਸ ਨੇ ਆਪਣੀ ਗਲਤੀ ਕਬੂਲ ਕਰ ਲਈ ਅਤੇ ਜੱਥੇ ਨਾਲ ਇਕਰਾਰ ਕੀਤਾ ਕਿ ਉਹ ਗਲਤ ਕੰਮ ਛੱਡ ਦੇਵੇਗਾ ਅਤੇ ਅੰਮ੍ਰਿਤ ਵੀ ਛਕ ਲਵੇਗਾ। ਉਸ ਨੇ ਅਕਾਲ ਤਖਤ ਤੋਂ ਅੰਮ੍ਰਿਤ ਛਕ ਵੀ ਲਿਆ। ਈਸ਼ਰੋ ਨਾਲ ਵਿਆਹ ਵੀ ਕਰਵਾ ਲਿਆ। ਕੁਝ ਦੇਰ ਲਈ ਸੁਧਰਿਆ ਵੀ ਰਿਹਾ । 23 ਅਗਸਤ 1921 ਨੂੰ ਇਸ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਨੇ ਆਪ ਸੰਭਾਲ ਲਿਆ ਸੀ।

8 ਅਗਸਤ 1922 ਨੂੰ ਜਦੋਂ ਕੁਝ ਸਿੰਘ ਗੁਰੂ ਕੇ ਲੰਗਰ ਵਾਸਤੇ ਗੁਰੂ ਕੇ ਬਾਗ ਵਿੱਚੋਂ ਸੁੱਕੇ ਕਿੱਕਰ ਨੂੰ ਕੱਟ ਰਹੇ ਸਨ, ਤਾਂ ਮਹੰਤ ਸੁੰਦਰ ਦਾਸ ਨੇ ਪੁਲਿਸ ਕੋਲ ਸ਼ਿਕਾਇਤ ਲਗਾ ਦਿੱਤੀ। ਜਿਸ ਤੇ ਕਾਰਵਾਈ ਕਰਦੇ ਹੋਏ ਅਗਲੇ ਦਿਨ ਸਰਕਾਰ ਨੇ 5 ਸੇਵਾਦਾਰਾਂ ਨੂੰ ਚੋਰੀ ਦੇ ਦੋਸ਼ ਹੇਠ ਫੜ ਲਿਆ। ਅਤੇ ਮਿਸਟਰ ਜੈਨਕਿਨ ਦੀ ਅਦਾਲਤ ਨੇ 50 ਰੁਪਏ ਜੁਰਮਾਨਾ ਅਤੇ 6 ਮਹੀਨੇ ਦੀ ਕੈਦ ਦੀ ਸਜਾ ਸੁਣਾ ਦਿੱਤੀ। ਇਸ ਗੱਲ ਨੂੰ ਸ਼੍ਰੋਮਣੀ ਕਮੇਟੀ ਸਮੇਤ ਸਮੂਹ ਸਿੱਖਾਂ ਨੇ ਹੱਕਾਂ ਤੇ ਡਾਕਾ ਸਮਝਿਆ। ਕਿਉਂਕਿ ਗੁਰੂ ਕਾ ਬਾਗ਼ ਗੁਰਦੁਆਰੇ ਦੀ ਮਲਕੀਅਤ ਸੀ ਅਤੇ ਆਪਣੀ ਹੀ ਜਮੀਨ ਵਿਚੋਂ ਗੁਰੂ ਕੇ ਲੰਗਰ ਲਈ ਸੁੱਕੀ ਕਿੱਕਰ ਕੱਟਣੀ ਕਿਵੇਂ ਗੁਨਾਹ ਬਣ ਗਿਆ ? ਇਸ ਲਈ ਪੰਥ ਨੇ ਸੰਘਰਸ਼ ਸ਼ੁਰੂ ਕਰ ਦਿੱਤਾ।

ਹਰ ਰੋਜ ਪੰਜ ਸਿੰਘਾਂ ਦਾ ਜੱਥਾ ਅਕਾਲ ਤਖਤ ਤੋਂ ਅਰਦਾਸ ਕਰਕੇ ਗੁਰੂ ਕੇ ਬਾਗ਼ ਲਈ ਚਾਲੇ ਪਾ ਦਿੰਦਾ। ਪੁਲਿਸ ਰਸਤੇ ਵਿੱਚ ਹੀ ਕੁੱਟਣਾ ਸ਼ੁਰੂ ਕਰ ਦਿੰਦੀ। ਲਾਠੀਆਂ ਨਾਲ, ਬੂਟਾਂ ਨਾਲ ਕੁੱਟਦੀ। ਕੇਸਾਂ ਤੋਂ ਫੜ ਕੇ ਧੂੰਹਦੀ । ਅਤੇ ਹੋਰ ਕਿਸੇ ਥਾਂ ਤੇ ਲੈ ਜਾਂਦੀ। ਜਿਉ ਜਿਉ ਪੁਲਿਸ ਦੇ ਅੱਤਿਆਚਾਰ ਵਧਣ ਲੱਗੇ, ਤਿਉ ਤਿਉ ਮੋਰਚੇ ਵਿੱਚ ਜੋਸ਼ ਵੀ ਵਧਦਾ ਗਿਆ। ਗ੍ਰਿਫਤਾਰੀ ਦੇਣ ਵਾਲੇ ਜੱਥੇ ਦੀ ਗਿਣਤੀ ਵੱਧਦੀ ਵੱਧਦੀ ਪਹਿਲਾਂ 100 ਅਤੇ ਫਿਰ 200 ਤੱਕ ਪੁੱਜ ਗਈ। ਪੁਲਿਸ ਮੁਖੀ ਬੀ. ਟੀ . ਨੇ ਹੋਰ ਸਖਤੀ ਵਧਾ ਦਿੱਤੀ, ਜਿਵੇਂ ਕਿ ਆਮ ਹੀ ਹਰ ਸਰਕਾਰ ਹਰ ਵਿਰੋਧ ਨੂੰ ਸਖਤੀ ਨਾਲ ਕੁਚਲਣ ਦੀ ਸ਼ੌਕੀਨ ਹੁੰਦੀ ਹੈ। 26 ਅਗਸਤ ਨੂੰ ਲੱਕੜ ਲੈਣ ਗਏ 36 ਸਿੰਘਾਂ ਦੇ ਜੱਥੇ ਦੀ ਬੇਤਹਾਸ਼ਾ ਮਾਰ ਕੁੱਟ ਕੀਤੀ ਗਈ। ਕੇਸਾਂ ਤੋਂ ਫੜ ਫੜ ਕੇ ਖਿੱਚਿਆ ਗਿਆ। ਇਸ ਸਾਰੇ ਸੰਘਰਸ਼ ਦੀ ਇੱਕ ਖਾਸ ਗੱਲ ਇਹ ਸੀ ਕਿ ਸਿੰਘ ਪੂਰੀ ਤਰਾਂ ਸ਼ਾਂਤ ਸਨ। ਉਹ ਅਕਾਲ ਤਖਤ ਤੋਂ ਅਰਦਾਸ ਕਰਕੇ ਚੱਲਦੇ। ਬਾਕਾਇਦਾ ਸਿਰੋਪੇ ਦੇ ਕੇ ਸਨਮਾਨ ਕੀਤਾ ਜਾਂਦਾ। ਅਤੇ ਉਹ ਹਰ ਜ਼ੁਲਮ ਸਹਿੰਦੇ ਹੋਏ, ਆਪਣੀ ਸ਼ਾਂਤੀ ਬਿਲਕੁਲ ਨਾ ਗਵਾਉਂਦੇ। ਨਾ ਵਿਰੋਧ ਵਿੱਚ ਬੋਲਦੇ, ਤੇ ਨਾ ਕਿਸੇ ਤਰਾਂ ਦੀ ਜਵਾਬੀ ਕਾਰਵਾਈ। ਡੀ .ਸੀ. ਡੰਨਿਟ ਅਤੇ ਪੁਲਿਸ ਕਪਤਾਨ ਮੈਕਫਰਸਨ ਹੋਰ ਸਖਤੀ ਕਰਕੇ ਮੋਰਚੇ ਨੂੰ ਦਬਾਉਣਾ ਚਾਹੁੰਦੇ ਸਨ, ਪਰ ਸਿੰਘਾਂ ਨੂੰ ਮੀਰ ਮੰਨੂ ਦੇ ਕੀਤੇ ਜ਼ੁਲਮ ਅਤੇ ਸਿੱਖਾਂ ਦੀ ਚੜ੍ਹਦੀ ਕਲਾ ਯਾਦ ਸੀ। ਮੀਰ ਮੰਨੂ ਸਮੇਂ ਸਿੱਖ ਇਹ ਗਾਇਆ ਕਰਦੇ ਸਨ।

ਮੰਨੂ ਸਾਡੀ ਦਾਤਰੀ ਅਸੀਂ
ਮੰਨੂ ਦੇ ਸੋਏ ॥
ਜਿਉ ਜਿਉ ਮੰਨੂ ਵੱਢਦਾ ਅਸੀਂ
ਦੂਣ ਸਵਾਏ ਹੋਏ॥

ਅੱਜ ਵੀ ਹਾਲਤ ਉਸੇ ਤਰਾਂ ਦੇ ਬਣ ਰਹੇ ਸਨ, ਸਰਕਾਰੀ ਤਸੱਦਦ ਸਿੰਘਾਂ ਨੂੰ ਹੋਰ ਚੜ੍ਹਦੀ ਕਲਾ ਦੇ ਰਿਹਾ ਸੀ । ਉਹ ਹੋਰ ਵਧੇਰੇ ਜੋਸ਼ ਨਾਲ ਜ਼ੁਲਮ ਦਾ ਮੁਕਾਬਲਾ ਸਬਰ ਅਤੇ ਸ਼ਾਂਤੀ ਨਾਲ ਕਰਨ ਲਈ ਮਜਬੂਤ ਹੋ ਰਹੇ ਸਨ । ਕਿਸੇ ਕਵੀ ਨੇ ਸਿੰਘਾਂ ਦੀ ਮਨੋਦਸ਼ਾ ਬਾਰੇ ਲਿਖਿਆ ਹੈ –

ਸਾਡੇ ਪਾਸ ਸਾਂਤਮਈ ਖੰਡਾ, ਤੇਰੇ ਕੋਲ ਜ਼ੁਲਮ ਦਾ ਡੰਡਾ ।
ਖੰਡੇ ਖੰਡ ਖੰਡ ਕਰ ਦੇਣਾ ।ਤੇਰਾ ਪਾਪੀ ਦਾ ਸਿਰ ਫੇਹਣਾ ।

ਇਹ ਖੰਡਾ ਅੰਤ ਤੱਕ ਸ਼ਾਂਤਮਈ ਹੀ ਰਿਹਾ। ਇਸੇ ਲਈ ਇਹ ਬਹੁ ਗਿਣਤੀ ਦੀ ਹਮਦਰਦੀ ਵੀ ਹਾਸਲ ਕਰਨ ਵਿਚ ਕਾਮਯਾਬ ਰਿਹਾ। ਪ੍ਰਸਿੱਧ ਕਵੀ ਮੇਲਾ ਰਾਮ ਵਫਾ ਨੇ ਇਹਨਾਂ ਸਿੰਘਾਂ ਬਾਬਤ ਸੱਚ ਹੀ ਲਿਖਿਆ ਹੈ --

ਤੇਰੀ ਕੁਰਬਾਨੀਓ ਕੀ ਧੂਮ ਹੈ
ਆਜ ਇਸ ਜਮਾਨੇ ਮੇਂ,



ਬਹਾਦਰ ਹੈ ਅਗਰ ਕੋਈ ਤੋ
ਵੋਹ ਇਕ ਤੂ ਅਕਾਲੀ ਹੈ ।
ਜਾਲਮੋ ਕੀ ਲਾਠੀਓਂ ਤੂ ਨੇ
ਸਹੀ ਸੀਨਾ-ਏ-ਸਪਰ ਹੋ ਕਰ,
ਲੁਤਫ਼ ਇਸ ਪੇ ਕਿ ਲਬ ਪਹਿ
ਸ਼ਿਕਾਇਤ ਹੈ ਨਾ ਗਾਲੀ ਹੈ।

ਮੋਰਚੇ ਦੀ ਲਗਾਤਾਰਤਾ ਨੇ ਬਹੁਤ ਜਨਤਾ ਦਾ ਧਿਆਨ ਖਿੱਚਿਆ। ਖਬਰਾਂ ਅਖਬਾਰਾਂ ਵਿੱਚ ਛਪਦੀਆਂ। ਸਰਕਾਰ ਦੀ ਨਿੰਦਾ ਹੁੰਦੀ। ਸਰਕਾਰ ਹੋਰ ਜ਼ੁਲਮ ਵਧਾਉਂਦੀ ਪਰ ਸਿੰਘ ਟੁੱਟਦੇ ਨਾ। ਇਸ ਸਮੇਂ ਕਾਫੀ ਪ੍ਰਸਿੱਧ ਸ਼ਖਸ਼ੀਅਤਾਂ ਗੁਰੂ ਕੇ ਬਾਗ਼ ਪੁੱਜੀਆਂ । ਇਹਨਾਂ ਵਿੱਚ ਅੰਗਰੇਜ ਪਾਦਰੀ ਸੀ.ਐਫ.ਐਂਡਰਿਊਜ, ਪੰਡਿਤ ਮਦਨ ਮੋਹਨ ਮਾਲਵੀਆ,ਰੁਚੀ ਰਾਮ ਸਾਹਨੀ,ਹਲੀਨ ਅਜਮਲ ਖਾਂ ਅਤੇ ਸ੍ਰੀ ਮਤੀ ਸਰੋਜਨੀ ਨਾਇਡੂ ਵੀ ਸਨ। ਪਾਦਰੀ ਸੀ.ਐਫ.ਐਂਡਰਿਊਜ਼ ਤਾਂ ਜ਼ੁਲਮ ਹੁੰਦੇ ਦੇਖ ਕੇ ਰੋ ਹੀ ਉੱਠਿਆ। ਉਸਨੇ ਤਾਂ ਇੱਕ ਈਸਾ ਨੂੰ ਸੂਲੀ ਚੜ੍ਹਦੇ ਸੁਣਿਆ ਸੀ ,ਪਰ ਇੱਥੇ ਕਿੰਨੇ ਹੀ ਈਸਾ ਉਸਦੀਆਂ ਅੱਖਾਂ ਸਾਹਮਣੇ ਜ਼ੁਲਮ ਸਹਿ ਰਹੇ ਸਨ। ਉਹ ਪੰਜਾਬ ਦੇ ਉਸ ਸਮੇਂ ਦੇ ਗਵਰਨਰ ਸਰ ਮੈਕਲੇਗਨ ਨੂੰ ਮਿਲਿਆ ਅਤੇ ਇਸ ਸਭ ਕੁਝ ਨੂੰ ਬੰਦ ਕਰਨ ਲਈ ਕਿਹਾ। ਇਸ ਦੇ ਸਿੱਟੇ ਵਜੋਂ ਸਰ ਮੈਕਲੇਗਨ 13 ਸਤੰਬਰ 1922 ਨੂੰ ਆਪ ਗੁਰੂ ਕੇ ਬਾਗ਼ ਵਿਖੇ ਪੁੱਜਿਆ। ਉਸ ਦੀਆਂ ਦਿੱਤੀਆਂ ਹਦਾਇਤਾਂ ਨਾਲ ਕੁੱਟ ਮਾਰ ਤਾਂ ਬੰਦ ਹੋ ਗਈ ਪਰ ਗ੍ਰਿਫਤਾਰੀਆਂ ਜਾਰੀ ਰਹੀਆਂ।

ਹੁਣ ਮੋਰਚੇ ਵਿੱਚ ਸੇਵਾ ਮੁਕਤ ਫੌਜੀ ਵੀ ਸ਼ਾਮਲ ਹੋ ਗਏ ਸਨ। ਸਰਕਾਰ ਦੀ ਨਿੰਦਾ ਪਹਿਲਾਂ ਹੀ ਬਹੁਤ ਹੋ ਰਹੀ ਸੀ। ਉਧਰੋਂ ਉਸ ਨੂੰ ਇਹ ਡਰ ਪੈ ਗਿਆ ਕਿ ਕਿਧਰੇ ਸਿੱਖ ਰੈਜਮੈਂਟ ਫੌਜ ਵਿੱਚ ਹੀ ਬਗਾਵਤ ਨਾ ਕਰ ਦੇਵੇ। ਉਸ ਨੇ ਸਰ ਗੰਗਾ ਰਾਮ ਜੋ ਇਕ ਸੇਵਾ ਮੁਕਤ ਇੰਜੀਨੀਅਰ ਸੀ, ਉਸ ਨੂੰ ਮਨਾਇਆ ਅਤੇ ਉਸਨੇ ਬਾਗ਼ ਦੀ ਜਮੀਨ ਪਟੇ ਤੇ ਲੈ ਲਈ। ਸਿੱਖਾਂ ਨੂੰ ਲੱਕੜਾਂ ਕੱਟਣ ਦੀ ਮਨਜ਼ੂਰੀ ਮਿਲ ਗਈ। ਓਧਰ ਸਰਕਾਰ ਨੇ ਬਾਗ਼ ਤੋਂ ਪੁਲਿਸ ਵਾਪਸ ਬੁਲਾ ਲਈ । ਬੰਦੀ ਸਿੱਖ ਰਿਹਾ ਕਰ ਦਿੱਤੇ । ਇਸ ਤਰਾਂ 7 ਨਵੰਬਰ 1922 ਨੂੰ ਤਿੰਨ ਮਹੀਨੇ ਬਾਅਦ ਇਹ ਮੋਰਚਾ ਸਮਾਪਤ ਹੋਇਆ। ਗੁਰੂ ਕੇ ਬਾਗ਼ ਦੀ ਜਮੀਨ ਉੱਪਰ ਸਿੱਖਾਂ ਦਾ ਕਬਜਾ ਹੋ ਗਿਆ ਅਤੇ ਇਹ ਮੋਰਚਾ ਜਿੱਤ ਦੇ ਰੂਪ ਵਿੱਚ ਸਮਾਪਤ ਹੋਇਆ। ਪਰ ਇਸ ਅਰਸੇ ਦੌਰਾਨ 1500 ਸਿੰਘ ਜਖਮੀ ਹੋਏ ਅਤੇ 5605 ਗ੍ਰਿਫਤਾਰੀਆਂ ਹੋਈਆਂ ਸਨ। ਜਬਰ ਦਾ ਟਾਕਰਾ ਸਬਰ ਨਾਲ ਕਰਕੇ ਅਤੇ ਪੂਰੇ ਸ਼ਾਂਤ ਰਹਿ ਕੇ ਜਿੱਤ ਆਪਣੇ ਹਿੱਸੇ ਵਿੱਚ ਲਿਖਾ ਕੇ ਇੱਕ ਵਾਰੀ ਫੇਰ ਖਾਲਸੇ ਨੇ ਇਤਿਹਾਸ ਸਿਰਜ ਦਿੱਤਾ ਸੀ। ਅਜਿਹਾ ਇਤਿਹਾਸ ਸਦੀਆਂ ਤੀਕ ਸਿੱਖਾਂ ਨੂੰ ਮਾਣ ਦਿਵਾਉਂਦਾ ਰਹੇਗਾ ਅਤੇ ਆਪਣੀਆਂ ਸਿੱਖੀ ਰਵਾਇਤਾਂ ਕਾਇਮ ਰੱਖਣ ਲਈ ਪ੍ਰੇਰਨਾ ਸਰੋਤ ਬਣਿਆ ਰਹੇਗਾ।

# ਮਾਈਕਲ ਜੈਕਸਨ ਵਿਚ ਅਜਿਹਾ ਕੀ ਸੀ ?



ਪ੍ਰੋ. ਕੁਲਬੀਰ ਸਿੰਘ



ਮਾਈਕਲ ਜੈਕਸਨ ਵਿਚ ਇਕ ਜਨੂੰਨ ਸੀ, ਇਕ ਨਵਾਂਪਨ, ਇਕ ਚੁੰਬਕੀ ਹੁਨਰ, ਇਕ ਕ੍ਰਿਸ਼ਮਈ ਕਲਾ, ਇਕ ਅਨੋਖੀ ਊਰਜਾ, ਅਨੋਖਾ ਸੰਗੀਤ, ਅਨੋਖਾ ਨਾਚ, ਅਨੋਖੀ ਪ੍ਰਤਿਭਾ, ਅਨੋਖੀ ਨਾਟਕੀਅਤਾ। ਇਨ੍ਹਾਂ ਖ਼ੂਬੀਆਂ ਦਾ ਸੰਗਮ ਸਟੇਜ 'ਤੇ ਸੁਪਨਾ ਸਿਰਜ ਦਿੰਦਾ ਸੀ। ਦਰਸ਼ਕਾਂ ਸਰੋਤਿਆਂ ਨੂੰ ਸੁਪਨਈ ਸੰਸਾਰ ਵਿਚ ਲੈ ਜਾਂਦਾ ਸੀ।

ਡੁਲ੍ਹ ਡੁਲ੍ਹ ਪੈਂਦਾ ਹੁਨਰ ਤੱਕਣ ਲਈ ਲੋਕ ਆਪ ਮੁਹਾਰੇ ਆਣ ਜੁੜਦੇ ਸਨ। ਉਸਦੇ ਪ੍ਰੋਗਰਾਮਾਂ ਵਿਚ ਤਿਲ ਸੁੱਟਣ ਨੂੰ ਥਾਂ ਨਹੀਂ ਸੀ ਹੁੰਦੀ। ਉਹ ਸਟੇਜ ਦਾ ਧਨੀ ਸੀ। ਮਹਾਨ ਪੇਸ਼ਕਾਰ ਸੀ। ਕਾਲਾ, ਸਫੈਦ, ਲਾਲ ਤੇ ਸੁਨਹਿਰੀ ਉਸਦੇ ਪਸੰਦੀਦਾ ਰੰਗ ਸਨ। ਲੋਕ ਉਸਨੂੰ ਕਿੰਨਾ ਪਿਆਰ ਕਰਦੇ ਸਨ ਇਹ ਵੇਖਣ ਲਈ ਉਸਦੇ ਪ੍ਰੋਗਰਾਮਾਂ ਦੀਆਂ, ਵਿਸ਼ਵ ਟੂਰ ਦੀਆਂ, ਜਨਮ ਭੂਮੀ ਦੀ ਫੇਰੀ ਦੀਆਂ ਵੀਡੀਓ ਵੇਖਣੀਆਂ ਪੈਣਗੀਆਂ। ਉਹ ਬੜਾ ਨਰਮ ਦਿਲ ਸੀ। ਬੱਚਿਆਂ ਨਾਲ ਬੱਚਾ ਬਣ ਜਾਂਦਾ ਸੀ।

ਲੋਕ ਸੁਰੱਖਿਆਂ ਘੇਰਾ ਤੋੜ ਕੇ ਉਸਨੂੰ ਗਲੇ ਆ ਮਿਲਦੇ ਸਨ। ਤੋਹਫ਼ੇ ਦਿੰਦੇ ਸਨ। ਧਨ ਦੌਲਤ ਦਿੰਦੇ ਸਨ। ਗਹਿਣੇ ਦਿੰਦੇ ਸਨ। ਐਨੀ ਸ਼ੁਹਰਤ, ਐਨੀ ਪ੍ਰਸਿੱਧੀ, ਐਨਾ ਪਿਆਰ, ਐਨੀ ਦੌਲਤ ਅੱਜ ਤੱਕ ਕਿਸੇ ਕਲਾਕਾਰ ਨੂੰ ਨਹੀਂ ਮਿਲੀ।

ਉਹ ਸ਼ੁਹਰਤ ਦੀ ਬੁਲੰਦੀ ਦਾ ਲੁਤਫ਼ ਲੈਂਦਾ ਸੀ। ਕਿਸੇ ਨੂੰ ਨਿਰਾਜ ਨਹੀਂ ਕਰਦਾ ਸੀ। ਜਿਧਰ ਵੀ ਪ੍ਰਸੰਸਕਾਂ ਦੀ ਭੀੜ ਨਜ਼ਰ ਆਉਂਦੀ, ਰੁਕਦਾ, ਉਨ੍ਹਾਂ ਵੱਲ ਵੇਖਦਾ, ਹੱਥ ਹਿਲਾਉਂਦਾ, ਫਿਰ ਅੱਗੇ ਜਾਂਦਾ। ਪ੍ਰਸੰਸਕ ਸੜਕਾਂ 'ਤੇ, ਛੱਤਾਂ 'ਤੇ, ਪੁਲਾਂ 'ਤੇ ਹਜ਼ਾਰਾਂ ਲੱਖਾਂ ਦੀ ਗਣਿਤੀ ਵਿਚ ਦੂਰ ਦੂਰ ਤੱਕ ਖੜੇ ਨਜ਼ਰ ਆਉਂਦੇ।

ਟੀ.ਵੀ. ਕੈਮਰਿਆਂ ਦਾ, ਫੋਟਗ੍ਰਾਫ਼ਰਾਂ ਦਾ ਝੁਰਮਟ ਇਕੱਠਾ ਹੋ ਜਾਂਦਾ। ਅਜਿਹੇ ਸਮੇਂ ਵੀ ਉਹ ਸ਼ਾਂਤ-ਸਹਿਜ ਰਹਿੰਦਾ ਸੀ। ਚਿਹਰੇ 'ਤੇ ਮੁਸਕਾਨ ਰੱਖਦਾ ਸੀ। ਸਕੂਲਾਂ ਵਿਚ ਬੱਚਿਆਂ ਨੂੰ ਮਿਲਦਿਆਂ, ਹਸਪਤਾਲਾਂ ਵਿਚ ਬਿਮਾਰ ਬੱਚਿਆਂ 'ਤੇ ਪਿਆਰ ਵਰਸਾਉਂਦਿਆਂ ਉਹ ਬੜਾ ਨੇਕ ਦਿਲ ਜਾਪਦਾ ਸੀ।

ਆਪਣੇ ਗੀਤਾਂ, ਮੂਨਵਾਕ, ਨਾਚ-ਸ਼ੈਲੀ, ਸੰਸਾਰ ਨੂੰ ਵੇਖਣ ਦੇ ਨਜ਼ਰੀਏ ਅਤੇ ਵਿਗਿਆਨ ਨੂੰ ਚੁਣੌਤੀ ਦੇਣ ਕਾਰਨ ਉਹ ਬੜਾ ਚਰਚਾ ਵਿਚ ਰਿਹਾ। ਉਹ 150 ਸਾਲ ਜਿਊਣਾ ਚਾਹੁੰਦਾ ਸੀ ਇਸ ਲਈ ਉਸਨੇ 12 ਡਾਕਟਰ ਰੱਖੇ ਹੋਏ ਸਨ। ਨਿੱਜੀ ਲੈਬ ਵਿਚ ਲੰਮੀ ਉਮਰ ਸੰਬੰਧੀ ਤਜਰਬੇ ਕਰਾਉਂਦਾ ਰਹਿੰਦਾ ਸੀ। ਲੈਬ ਚੋਂ ਟੈੱਸਟ ਹੋਇਆ ਖਾਣਾ ਖਾਂਦਾ ਸੀ। ਆਕਸੀਜਨ ਚੈਂਬਰ ਵਿਚ ਸੌਂਦਾ ਸੀ।ਉਹ ਜੋ ਵੀ ਕਰਦਾ ਅਨੋਖਾ, ਅਲੱਗ ਤੇ ਅਲੋਕਾਰ ਕਰਦਾ। ਇਸੇ ਲਈ ਉਸਦੇ ਨਾਂ 39 ਗਿਨੀਜ਼ ਰਿਕਾਰਡ ਦਰਜ ਹਨ। ਮਾਈਕਲ ਜੈਕਸਨ ਦਾ ਜਨਮ 1958 ਵਿਚ ਹੋਇਆ। ਉਹ ਆਪਣੇ ਮਾਤਾ ਪਿਤਾ ਦੀ 8ਵੀਂ ਸੰਤਾਨ ਸੀ। ਵੱਡਾ ਪਰਿਵਾਰ ਗੈਰੀ ਇੰਡਿਆਨਾ ਵਿਖੇ ਦੋ ਕਮਰਿਆਂ ਵਿਚ ਗੁਜ਼ਾਰਾ ਕਰਦਾ ਸੀ। ਪਿਤਾ ਜੋਈ ਜੈਕਸਨ ਨੂੰ ਗਿਟਾਰ ਵਜਾਉਣ ਦਾ ਸ਼ੌਕ ਸੀ। ਮਾਤਾ ਕੈਥਰੀਨ ਪਿਆਨੋ ਦੀ ਪੇਸ਼ਕਾਰੀ ਦਿੰਦੀ ਸੀ।ਪਰਿਵਾਰ ਦੀ ਆਰਥਿਕ ਮਜ਼ਬੂਤੀ ਲਈ ਪਿਤਾ ਨੇ 1964 ਵਿਚ 'ਜੈਕਸਨ ਬ੍ਰਦਰ' ਨਾਂ ਦਾ ਬੈਂਡ ਬਣਾਇਆ। ਸਾਰੇ ਭੈਣ ਭਰਾ 'ਸਟਰੀਟ ਪਰਫਾਰਮੈਂਸ' ਦਿੰਦੇ ਸਨ। ਪਰਫਾਰਮੈਂਸ ਠੀਕ ਨਾ ਹੋਣ 'ਤੇ ਪਿਤਾ ਜੈਕਸਨ ਨੂੰ ਬੈੱਲਟ ਨਾਲ ਕੁੱਟਦਾ। ਪਿਤਾ ਦੇ ਚੰਡੇ ਮਾਈਕਲ ਨੇ ਸਟੇਜ਼ ਦਾ ਸ਼ਾਹ-ਸਵਾਰ ਬਣ ਕੇ ਸੰਸਾਰ ਜਿੱਤ ਲਿਆ।ਬੈਂਡ ਨੇ ਉਸਨੂੰ ਪਹਿਚਾਣ ਦਿੱਤੀ ਤਾਂ ਨਿਊਯਾਰਕ ਆ ਕੇ ਫ਼ਿਲਮਾਂ ਵਿਚ ਕੰਮ ਕਰਨ ਲੱਗਾ। ਪਹਿਲੀ ਫ਼ਿਲਮ 'ਦਾ ਵਿਜ' ਅਸਫ਼ਲ ਰਹੀ ਪਰੰਤੂ ਫ਼ਿਲਮ ਦੇ ਸੰਗੀਤ ਨਿਰਦੇਸ਼ਕ ਨੇ ਉਸਦੀ ਚੁੰਬਕੀ ਪ੍ਰਤਿਭਾ ਨੂੰ ਪਛਾਣ ਲਿਆ ਅਤੇ ਉਸ ਨਾਲ ਤਿੰਨ ਸੋਲੋ ਸੰਗੀਤ ਐਲਬਮਾਂ ਕੀਤੀਆਂ। ਜੋ ਪ੍ਰਸਿੱਧ ਹੋਈਆਂ।ਇਸੇ ਦੌਰਾਨ 1978 ਵਿਚ ਡਾਂਸ ਕਰਦਿਆਂ ਉਸਦੇ ਨੱਕ ਦੀ ਹੱਡੀ ਟੁੱਟ ਗਈ। ਰਾਈਨੋਪਲਾਸਟੀ ਹੋਈ ਤਾਂ ਸਾਹ ਦੀ ਸਮੱਸਿਆ ਸ਼ੁਰੂ ਹੋ ਗਈ। 1982 ਵਿਚ ਉਸਦੀ ਛੇਵੀਂ ਸੰਗੀਤ-ਐਲਬਮ ਥ੍ਰਿਲਰ ਆਈ ਤਾਂ ਉਸਦੀਆਂ 7 ਕਰੋੜ ਕਾਪੀਆਂ ਵਿਕੀਆਂ। ਇਸ ਐਲਬਮ ਨੂੰ 12 ਗ੍ਰੈਮੀ ਪੁਰਸਕਾਰ ਮਿਲੇ। ਪ੍ਰਤੀ ਐਲਬਮ 12 ਡਾਲਰ ਦੇ ਹਿਸਾਬ ਨਾਲ 84 ਕਰੋੜ ਡਾਲਰ ਰਾਇਲਟੀ ਮਿਲੀ।

1983 ਤੱਕ ਮਾਈਕਲ ਜੈਕਸਨ ਦਾ ਰੰਗ ਕਾਲਾ ਸੀ। ਇਸ ਉਪਰੰਤ ਸਾਫ਼ ਹੋਣਾ ਸ਼ੁਰੂ ਹੋ ਗਿਆ ਤਾਂ ਵੱਡਾ ਵਿਵਾਦ ਖੜਾ ਹੋ ਗਿਆ। ਵਿਵਾਦ ਰੋਕਣ ਲਈ ਉਸਦੇ ਚਮੜੀ ਦੇ ਡਾਕਟਰ ਨੇ ਦੱਸਿਆ ਕਿ ਉਸਨੂੰ ਵਿਟਿਲਿਗੋ (ਚਿੱਟੇ ਦਾਗ਼) ਦੀ ਸਮੱਸਿਆ ਹੈ। ਉਨ੍ਹਾਂ ਧੱਬਿਆਂ ਨੂੰ ਛੁਪਾਉਣ ਲਈ ਸਫੇਦ ਮੇਕਅਪ ਕੀਤਾ ਜਾਂਦਾ ਹੈ। ਧੱਬਿਆਂ ਦਾ ਇਲਾਜ ਕਰਵਾਉਂਦਿਆਂ ਬਲੀਚ ਕਰਵਾਉਣੀ ਪਈ ਜਿਸ ਨਾਲ ਰੰਗ ਗੋਰਾ ਹੁੰਦਾ ਗਿਆ। ਉਸਦੀ ਮੌਤ ਉਪਰੰਤ ਮਾਂ ਨੇ ਕਿਹਾ ਸੀ। ਧੱਬਿਆਂ ਤੋਂ ਛੁਟਕਾਰਾ ਪਾਉਣ ਲਈ ਉਸਨੇ ਪਲਾਸਟਿਕ ਸਰਜਰੀ ਕਰਵਾਈ ਸੀ। ਉਸਨੇ ਵੇਖਿਆ ਇੰਝ ਉਹ ਪਹਿਲਾਂ ਨਾਲੋਂ ਸੁੰਦਰ ਨਜ਼ਰ ਆਉਣ ਲੱਗਾ ਹੈ ਤਾਂ ਉਸਨੇ ਵਾਰ ਵਾਰ ਪਲਾਸਟਿਕ ਸਰਜਰੀ ਕਰਵਾਈ ਅਤੇ ਉਸਦਾ ਰੰਗ ਸਾਫ਼ ਹੋ ਗਿਆ।

1988 ਵਿਚ ਉਸਨੇ ਕੈਲੇਫੋਰਨੀਆਂ ਵਿਖੇ 2700 ਏਕੜ ਵਿਚ ਆਪਣਾ ਘਰ ਬਣਾਇਆ ਸੀ।

ਫਿਰ ਇਕ ਉਹ ਸਮਾਂ ਆਇਆ ਜਦ ਸ਼ੁਹਰਤ ਤੇ ਦੌਲਤ ਨੂੰ ਸਹਿਜ ਢੰਗ ਨਾਲ ਸੰਭਾਲਣਾ ਉਸ ਲਈ ਮੁਸ਼ਕਲ ਹੋ ਗਿਆ। ਉਹ ਤਰ੍ਹਾਂ ਤਰ੍ਹਾਂ ਦੀਆਂ ਅਹੁਰਾਂ ਦਾ, ਵਿਗਾੜਾਂ ਦਾ ਸ਼ਿਕਾਰ ਹੁੰਦਾ ਗਿਆ। ਇਕ ਤੋਂ ਬਾਅਦ ਇਕ ਵਿਵਾਦ ਖੜਾ ਹੁੰਦਾ ਗਿਆ ਤੇ ਉਹ ਡਾਹਢਾ ਪ੍ਰੇਸ਼ਾਨ ਰਹਿਣ ਲੱਗਾ।ਸ਼ਾਦੀਆਂ ਹੁੰਦੀਆਂ ਰਹੀਆਂ, ਟੁੱਟਦੀਆਂ ਰਹੀਆਂ। ਓਧਰ ਸੰਗੀਤ ਦੀ ਦੁਨੀਆਂ ਵਿਚ ਉਹ ਆਪਣੇ ਹੀ ਰਿਕਾਰਡ ਆਪ ਤੋੜਦਾ ਰਿਹਾ। ਉਸਨੇ 35 ਦੇਸ਼ਾਂ ਵਿਚ 58 ਸ਼ੋਅ ਕੀਤੇ। ਆਪਣੇ ਜੀਵਨ ਵਿਚ 4000 ਕਰੋੜ ਰੁਪਏ ਡੋਨੇਸ਼ਨ ਵੱਜੋਂ ਦਿੱਤੇ। ਉਹ ਵੀ ਸਮਾਂ ਸੀ ਜਦ ਉਸਦੀ ਇਕ ਹਫ਼ਤੇ ਦੀ ਆਮਦਨ 97 ਕਰੋੜ ਰੁਪਏ ਤੱਕ ਪਹੁੰਚ ਗਈ ਸੀ। ਕਿਹਾ ਜਾਂਦਾ ਹੈ ਕਿ ਆਖ਼ਰੀ ਸਾਲਾਂ ਦੌਰਾਨ ਮਾਈਕਲ ਜੈਕਸਨ ਕਰਜਾਈ ਹੋ ਗਿਆ ਸੀ ਅਤੇ ਦਵਾਲੀਆਂ ਹੋਣ ਕਿਨਾਰੇ ਪਹੁੰਚ ਗਿਆ ਸੀ। ਮੌਤ ਤੋਂ ਬਾਅਦ ਹੋਈ ਆਮਦਨ ਨਾਲ ਪਰਿਵਾਰ ਨੇ ਕਰਜ਼ਾ ਅਦਾ ਕੀਤਾ।

24 ਜੂਨ 2009 ਨੂੰ ਉਸਨੇ ਪੂਰੀ ਟੀਮ ਨਾਲ ਰੀਹਰਸਲ ਕੀਤੀ ਅਤੇ 25 ਜੂਨ 2009 ਨੂੰ ਸ਼ੱਕੀ ਹਾਲਤਾਂ ਵਿਚ ਉਸਦੀ ਮੌਤ ਹੋ ਗਈ।ਅਦਾਲਤ ਨੇ ਉਸਦੇ ਨਿੱਜੀ ਡਾਕਟਰ ਕਾਨਰਾਡ ਮਰੇ ਨੂੰ ਗੈਰ-ਇਰਾਦਤਨ ਹੱਤਿਆ ਦਾ ਦੋਸ਼ੀ ਠਹਿਰਾਇਆ ਸੀ ਕਿਉਂ ਕਿ ਉਸਨੇ ਚੰਗੀ ਨੀਂਦ ਲਈ ਮਾਈਕਲ ਨੂੰ ਪ੍ਰੋਪੋਫੋਲ ਦੀ ਵਧੇਰੇ ਖ਼ੁਰਾਕ ਦਿੱਤੀ ਸੀ।ਉਸਦੇ ਸਰੱਖਿਆ ਕਰਮਚਾਰੀ ਬਿਲ ਨੇ ਕਿਹਾ ਸੀ ਕਿ ਜੈਕਸਨ ਬਹੁਤ ਤਣਾਅ ਵਿਚ ਸੀ ਅਤੇ ਤਣਾਅ ਉਸਦੀ ਮੌਤ ਦਾ ਕਾਰਨ ਹੋ ਸਕਦਾ ਹੈ। ਉਹ ਹੈਕਟਿਕ ਹੋ ਗਿਆ ਸੀ। ਬਹੁਤ ਡੁੱਲਿਆ ਰਹਿੰਦਾ ਸੀ। ਪ੍ਰੈਕਟਿਸ ਅਤੇ ਪ੍ਰੋਗਰਾਮਾਂ ਦਾ ਬੋਝ ਬਹੁਤ ਵਧ ਗਿਆ ਸੀ। ਇਹ ਉਸਤੇ ਭਾਰੀ ਪੈ ਰਹੇ ਸਨ। ਜਦ ਉਸਦੀ ਮੌਤ ਦੀ ਖ਼ਬਰ ਟੀ.ਵੀ. 'ਤੇ ਨਸ਼ਰ ਹੋਈ ਤਾਂ ਸਾਰੇ ਸੰਨਾਟਾ ਛਾ ਗਿਆ। ਲੋਕ ਸੜਕਾਂ 'ਤੇ ਬੇਹੋਸ਼ ਹੋਣ ਲੱਗੇ। ਸਦਮੇ ਕਾਰਨ 13 ਲੋਕਾਂ ਨੇ ਆਤਮਹੱਤਿਆ ਕਰ ਲਈ। ਆਸਟਰੇਲੀਆ ਵਿਚ 50 ਲੋਕਾਂ ਨੇ 'ਖ਼ੁਦਕਸ਼ੀ ਰੋਕਥਾਮ ਹਾਟਲਾਈਨ' 'ਤੇ ਫੋਨ ਕੀਤੇ ਜਿਹੜੇ ਆਤਮਹੱਤਿਆ ਕਰਨੀ ਚਾਹੁੰਦੇ ਸਨ।ਡਾਕਟਰਾਂ ਨੇ ਉਸਦਾ ਦਿਮਾਗ਼ ਕੱਢ ਲਿਆ ਸੀ ਕਿਉਂ ਕਿ ਡਾਕਟਰ ਅਤੇ ਪੁਲਿਸ ਵਾਲੇ ਮਹੀਨਿਆਂ ਤੱਕ ਮੌਤ ਦਾ ਅਸਲੀ ਕਾਰਨ ਪਤਾ ਕਰਨ ਵਿਚ ਲੱਗੇ ਰਹੇ।ਉਸਦੇ ਨਾਂ 'ਤੇ ਬਣਾਏ ਗਏ ਮੈਮੋਰੀਅਲ ਦੇ ਉਦਘਾਟਨੀ ਸਮਾਰੋਹ ਨੂੰ ਅਮਰੀਕਾ ਦੇ ਸਾਢੇ ਤਿੰਨ ਕਰੋੜ ਅਤੇ ਦੁਨੀਆਂ ਦੇ 300 ਕਰੋੜ ਲੋਕਾਂ ਨੇ ਵੇਖਿਆ। ਇਹ ਇਤਿਹਾਸ ਦੀ ਸੱਭ ਤੋਂ ਵੱਧ ਵੇਖੀ ਗਈ ਈਵੈਂਟ ਸੀ।ਮੌਤ ਤੋਂ 10 ਸਾਲ ਬਾਅਦ ਵੀ ਉਹ ਸੱਭ ਤੋਂ ਵੱਧ ਕਮਾਈ ਕਰਨ ਵਾਲਾ ਗਾਇਕ ਕਲਾਕਾਰ ਸੀ। ਸਾਲ 2018 ਤੱਕ ਉਸਦੇ ਨਾਂ 'ਤੇ 28.40 ਅਰਬ ਡਾਲਰ ਦੀ ਕਮਾਈ ਹੋਈ।

# ਭੁੱਖਾ ਮਰ ਰਿਹਾ ਗਾਜ਼ਾ ਤੇ ਸੰਸਾਰ ਦੀ ਚੁੱਪ

ਘੱਟੋ-ਘੱਟ ਅਸੀਂ ਇਹ ਦਿਖਾਵਾ ਨਾ ਕਰੀਏ ਕਿ ਭਾਰਤ ਵਿੱਚ ਸਾਨੂੰ ਨਹੀਂ ਪਤਾ ਕਿ ਗਾਜ਼ਾ ਵਿੱਚ ਕੀ ਹੋ ਰਿਹਾ ਹੈ ਜਾਂ ਇਹ ਕਹਿ ਕੇ ਜ਼ਿੰਮੇਵਾਰੀ ਤੋਂ ਨਾ ਭੱਜੀਏ ਕਿ ਸਾਡੇ ਕੋਲ ਆਪਣੀਆਂ ਹੀ ਘਰੇਲੂ ਸਮੱਸਿਆਵਾਂ ਬਥੇਰੀਆਂ ਹਨ ਜਿਨ੍ਹਾਂ ਵੱਲ ਤੁਰੰਤ ਧਿਆਨ ਦੇਣਾ ਬਣਦਾ ਹੈ। ਜਦੋਂ ਲੋਕ ਖ਼ੁਰਾਕ, ਪਾਣੀ, ਦਵਾਈਆਂ ਤੇ ਆਸਰੇ ਤੋਂ ਵਾਂਝੇ ਰਹਿੰਦੇ ਹਨ, ਕਿਸੇ ਦੁਰਘਟਨਾ ਕਰ ਕੇ ਨਹੀਂ, ਬਲਕਿ ਜਾਣਬੁੱਝ ਕੇ ਖੇਡੀ ਜਾ ਰਹੀ ਰਾਜਨੀਤੀ ਕਰ ਕੇ ਤਾਂ ਇਹ ਸਿਰਫ਼ ਇੱਕ ਮਾਨਵਤਾਵਾਦੀ ਸੰਕਟ ਨਹੀਂ ਰਹਿ ਜਾਂਦਾ; ਇੱਕ ਜੰਗੀ ਅਪਰਾਧ ਬਣ ਜਾਂਦਾ ਹੈ। … ਅਸੀਂ ਇਹ ਨਾ ਕਹੀਏ, "ਸਾਨੂੰ ਇਸ ਬਾਰੇ ਪਤਾ ਨਹੀਂ ਲੱਗਾ।" ਅਸੀਂ ਸਭ ਦੇਖਿਆ। ਅਸੀਂ ਜਾਣਦੇ ਸੀ। ਅਸੀਂ ਕੁਝ ਨਹੀਂ ਕੀਤਾ।

ਗਾਜ਼ਾ ਨੂੰ ਇਜ਼ਰਾਈਲ ਵੱਲੋਂ ਲਗਾਤਾਰ ਭੁੱਖਾ ਰੱਖ ਕੇ ਜ਼ੁਲਮ ਕੀਤਾ ਜਾ ਰਿਹਾ ਹੈ, ਜਦੋਂਕਿ ਦੁਨੀਆ ਦੀ ਜ਼ਮੀਰ ਭੂ-ਰਾਜਨੀਤਕ ਗਿਣਤੀਆਂ-ਮਿਣਤੀਆਂ ਅਤੇ ਸ਼ਰਮਨਾਕ ਚੁੱਪ ਹੇਠਾਂ ਦੱਬੀ ਪਈ ਹੈ। ਸੰਯੁਕਤ ਰਾਸ਼ਟਰ ਨੇ 'ਔੜ ਵਰਗੀਆਂ ਸਥਿਤੀਆਂ' ਦੀ ਚਿਤਾਵਨੀ ਦਿੱਤੀ ਹੈ। ਮਨੁੱਖੀ ਅਧਿਕਾਰ ਸੰਗਠਨ ਕਹਿ ਰਹੇ ਹਨ ਕਿ ਇਹ ਜਾਣਬੁੱਝ ਕੇ ਕੀਤਾ ਗਿਆ ਹਿੰਸਕ ਵਿਨਾਸ਼ ਹੈ ਪਰ ਸਾਨੂੰ ਚਾਹੀਦਾ ਹੈ ਕਿ ਅਸੀਂ ਇਸ ਨੂੰ ਉਹੀ ਆਖੀਏ ਜੋ ਇਹ ਅਸਲ ਵਿੱਚ ਹੈ: ਭੁੱਖਮਰੀ ਨਾਲ ਕੀਤੀ ਜਾ ਰਹੀ ਨਸਲਕੁਸ਼ੀ ਅਤੇ ਹਰ ਗੁਜ਼ਰਦੇ ਦਿਨ ਦੇ ਨਾਲ ਦੁਨੀਆ ਚੁੱਪ ਬੈਠੀ ਹੈ, ਇਸ ਤਰ੍ਹਾਂ ਇਹ ਇੱਕ ਪੂਰੀ ਨਸਲ ਦੇ ਲੋਕਾਂ ਦੇ ਹੌਲੀ-ਹੌਲੀ, ਯੋਜਨਾਬੱਧ ਢੰਗ ਨਾਲ ਕੀਤੇ ਜਾ ਰਹੇ ਖਾਤਮੇ 'ਚ ਸਹਿਯੋਗੀ ਬਣ ਰਹੀ ਹੈ। ਗਾਜ਼ਾ ਸਿਰਫ਼ ਦੁੱਖ ਦਾ ਪ੍ਰਤੀਕ ਨਹੀਂ ਹੈ, ਬਲਕਿ ਇਹ ਵੀ ਦਰਸਾਉਂਦਾ ਹੈ ਕਿ ਜਦੋਂ ਸੰਸਾਰ ਚੁੱਪ ਧਾਰ ਲੈਂਦਾ ਹੈ ਤਾਂ ਕਿਸੇ ਦੀ ਜਾਨ ਲੈਣੀ ਕਿੰਨੀ ਸੁਖਾਲੀ ਹੋ ਜਾਂਦੀ ਹੈ।

ਇਤਿਹਾਸ ਇਨ੍ਹਾਂ ਪਲਾਂ ਦਾ ਲੇਖਾ-ਜੋਖਾ ਸਖ਼ਤੀ ਨਾਲ ਮੰਗੇਗਾ। ਹਜ਼ਾਰਾਂ ਬੇਕਸੂਰ ਜਾਨਾਂ, ਜਿਨ੍ਹਾਂ ਵਿੱਚ ਬਹੁਤ ਸਾਰੇ ਬੱਚੇ ਸਨ, ਯਹੂਦੀ ਯੁੱਧ ਤੰਤਰ ਵੱਲੋਂ ਪਹਿਲਾਂ ਹੀ ਮਾਰ ਦਿੱਤੇ ਗਏ ਹਨ। ਇਜ਼ਰਾਈਲ ਨੇ ਹਸਪਤਾਲਾਂ 'ਤੇ ਬੰਬ ਸੁੱਟੇ ਹਨ। ਇਸ ਨੇ ਸਕੂਲਾਂ ਨੂੰ ਮਲਬੇ ਵਿੱਚ ਬਦਲ ਦਿੱਤਾ ਹੈ। ਲੱਖਾਂ ਲੋਕਾਂ ਨੂੰ ਜ਼ਬਰਦਸਤੀ ਉਜਾੜਿਆ ਗਿਆ ਹੈ। ਲੋਕ ਭੋਜਨ, ਪਾਣੀ ਤੇ ਬਿਜਲੀ ਤੋਂ ਕੱਟੇ ਹੋਏ ਹਨ। ਇੱਥੋਂ ਤੱਕ ਕਿ ਬੱਚਿਆਂ ਦੀ ਖ਼ੁਰਾਕ ਤੋਂ ਵੀ ਵਾਂਝੇ ਹਨ। ਸਭ ਸਪੱਸ਼ਟ ਦਿਖ ਰਿਹਾ ਹੈ, ਪਰ ਫਿਰ ਵੀ ਆਲਮੀ ਕਾਰਪੋਰੇਟ ਮੀਡੀਆ ਕਾਤਲਾਂ ਨੂੰ ਖੁਸ਼ ਕਰਨ ਤੇ ਪੀੜਤਾਂ ਨੂੰ ਦੋਸ਼ੀ ਠਹਿਰਾਉਣ ਲਈ ਗੱਲਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨਾ ਜਾਰੀ ਰੱਖ ਰਿਹਾ ਹੈ ਤੇ ਪਲ-ਪਲ ਰੂਪ ਬਦਲ ਰਿਹਾ ਹੈ ਅਤੇ ਉਹ ਦੇਸ਼ ਜੋ ਦੁਨੀਆ ਨੂੰ ਲੋਕਤੰਤਰ ਤੇ ਮਨੁੱਖੀ ਅਧਿਕਾਰਾਂ ਉੱਤੇ ਭਾਸ਼ਣ ਦੇਣ ਤੋਂ ਕਦੇ ਨਹੀਂ ਝਿਜਕਦੇ, ਆਪ ਹੁਣ ਸਭ ਚੁੱਪਚਾਪ ਦੇਖ ਰਹੇ ਹਨ ਤੇ ਅਸੀਂ ਭਾਰਤੀ ਵੀ ਉਨ੍ਹਾਂ ਮੁਲਕਾਂ 'ਚ ਹੀ ਗਿਣੇ ਜਾਣ ਕਰ ਕੇ ਅਸਹਿਜ ਮਹਿਸੂਸ ਕਰ ਰਹੇ ਹਾਂ ਜੋ ਇਹ ਪ੍ਰਗਟ ਕਰਦੇ ਹਨ ਕਿ ਫ਼ਲਸਤੀਨੀ ਜਾਨਾਂ ਦੀ ਕੋਈ ਕੀਮਤ ਨਹੀਂ ਹੈ।ਚਲੋ ਘੱਟੋ-ਘੱਟ ਅਸੀਂ ਇਹ ਦਿਖਾਵਾ ਨਾ ਕਰੀਏ ਕਿ ਭਾਰਤ ਵਿੱਚ ਸਾਨੂੰ ਨਹੀਂ ਪਤਾ ਕਿ ਗਾਜ਼ਾ ਵਿੱਚ ਕੀ ਹੋ ਰਿਹਾ ਹੈ ਜਾਂ ਇਹ ਕਹਿ ਕੇ ਜ਼ਿੰਮੇਵਾਰੀ ਤੋਂ ਨਾ ਭੱਜੀਏ ਕਿ ਸਾਡੇ ਕੋਲ ਆਪਣੀਆਂ ਹੀ ਘਰੇਲੂ ਸਮੱਸਿਆਵਾਂ ਬਥੇਰੀਆਂ ਹਨ ਜਿਨ੍ਹਾਂ ਵੱਲ ਤੁਰੰਤ ਧਿਆਨ ਦੇਣਾ ਬਣਦਾ ਹੈ। ਜਦੋਂ ਲੋਕ ਖ਼ੁਰਾਕ, ਪਾਣੀ, ਦਵਾਈਆਂ ਤੇ ਆਸਰੇ ਤੋਂ ਵਾਂਝੇ ਰਹਿੰਦੇ ਹਨ, ਕਿਸੇ ਦੁਰਘਟਨਾ ਕਰ ਕੇ ਨਹੀਂ, ਬਲਕਿ ਜਾਣਬੁੱਝ ਕੇ ਖੇਡੀ ਜਾ ਰਹੀ ਰਾਜਨੀਤੀ ਕਰ ਕੇ ਤਾਂ ਇਹ ਸਿਰਫ਼ ਇੱਕ ਮਾਨਵਤਾਵਾਦੀ ਸੰਕਟ ਨਹੀਂ ਰਹਿ ਜਾਂਦਾ; ਇੱਕ ਜੰਗੀ ਅਪਰਾਧ ਬਣ ਜਾਂਦਾ ਹੈ। ਬਦਕਿਸਮਤੀ ਨਾਲ ਭਾਰਤ ਵਰਗਾ ਇੱਕ ਸਭਿਅਕ ਦੇਸ਼ ਉਨ੍ਹਾਂ ਮੁਲਕਾਂ 'ਚ ਗਿਣਿਆ ਜਾ ਰਿਹਾ ਹੈ ਜੋ ਇਸ ਨਸਲਕੁਸ਼ੀ ਨੂੰ ਆਕਾਰ ਦੇ ਰਹੇ ਹਨ ਤੇ ਜਾਰੀ ਰੱਖ ਰਹੇ ਹਨ ਕਿਉਂਕਿ, ਆਪਣੀ ਚੁੱਪ ਵਿੱਚ ਅਸੀਂ ਉਨ੍ਹਾਂ ਨਾਲ ਖੜ੍ਹੇ ਦਿਖ ਰਹੇ ਹਾਂ ਜਿਹੜੇ ਸਾਂਝੀ ਮਾਨਵਤਾ ਦੀ ਮੌਤ ਦਾ ਫ਼ੈਸਲਾ ਦੇ ਰਹੇ ਹਨ। ਆਓ ਅਸੀਂ ਇਹ ਨਾ ਕਹੀਏ, "ਸਾਨੂੰ ਇਸ ਬਾਰੇ ਪਤਾ ਨਹੀਂ ਲੱਗਾ।" ਅਸੀਂ ਸਭ ਦੇਖਿਆ। ਅਸੀਂ ਜਾਣਦੇ ਸੀ। ਅਸੀਂ ਕੁਝ ਨਹੀਂ ਕੀਤਾ।ਸਾਡੀ ਇਖਲਾਕੀ ਅਸਫ਼ਲਤਾ ਭਾਰਤ ਦੇ ਆਨਲਾਈਨ ਜਨਤਕ ਦਾਇਰੇ 'ਚ ਵੀ ਦਿਖ ਰਹੀ ਹੈ, ਜਿੱਥੇ ਡਿਜੀਟਲ ਖੇਤਰ ਦੇ ਕੁਝ ਹਿੱਸਿਆਂ ਨੇ ਫ਼ਲਸਤੀਨੀ ਕਸ਼ਟਾਂ ਪ੍ਰਤੀ ਦੁਖਦਾਈ ਰੂਪ 'ਚ ਬੇਰੁਖੀ ਦਿਖਾਈ ਹੈ। ਸੋਸ਼ਲ ਮੀਡੀਆ ਪਲੈਟਫਾਰਮਾਂ 'ਤੇ ਅਜਿਹੀਆਂ ਪੋਸਟਾਂ ਨਜ਼ਰ ਆਉਂਦੀਆਂ ਹੁੰਦੀਆਂ ਹਨ ਜੋ ਹਿੰਸਾ ਦਾ ਜਸ਼ਨ ਮਨਾਉਂਦੀਆਂ ਹਨ, ਖ਼ਬਰਾਂ ਦੇ ਲੇਖਾਂ ਹੇਠ ਹੁੰਦੀਆਂ ਟਿੱਪਣੀਆਂ ਵਿੱਚ ਲੋਕਾਂ ਦੀਆਂ ਮੌਤਾਂ ਪ੍ਰਤੀ ਚਿੰਤਾਜਨਕ ਉਦਾਸੀਨਤਾ ਦਿਖਾਈ ਦਿੰਦੀ ਹੈ। ਵਰਤੋਂਕਾਰ ਅਜਿਹੀਆਂ ਪੋਸਟਾਂ ਸਾਂਝੀਆਂ ਕਰਦੇ ਹਨ ਜੋ ਬੇਰਹਿਮੀ ਨਾਲ ਫ਼ਲਸਤੀਨੀਆਂ ਦੇ ਦਰਦ ਨੂੰ ਨਜ਼ਰਅੰਦਾਜ਼ ਕਰਦੀਆਂ ਹਨ, ਇੱਥੋਂ ਤੱਕ ਕਿ ਇਸ ਦਾ ਮਜ਼ਾਕ ਵੀ ਉਡਾਉਂਦੀਆਂ ਹਨ, ਤੇ ਇਸ ਨਾਲ ਇੱਕ ਅਜਿਹਾ ਵਾਤਾਵਰਨ ਬਣਦਾ ਹੈ ਜਿੱਥੇ ਮਨੁੱਖੀ ਕਸ਼ਟ ਹਮਦਰਦੀ ਦੀ ਬਜਾਏ ਪੱਖਪਾਤੀ ਸੰਤੁਸ਼ਟੀ ਦਾ ਸਰੋਤ ਬਣ ਜਾਂਦਾ ਹੈ। ਇਸ ਤਰ੍ਹਾਂ ਦੀ ਬੇਰੁਖੀ ਸੁਤੰਤਰ ਰੂਪ ਵਿੱਚ ਪ੍ਰਗਟ ਹੁੰਦੀ ਹੈ, ਪਰ ਜਦੋਂ ਜ਼ਮੀਰ ਰੱਖਣ ਵਾਲੇ ਭਾਰਤੀ ਨਾਗਰਿਕ ਸ਼ਾਂਤੀਪੂਰਨ ਢੰਗ ਨਾਲ ਇਕਜੁੱਟਤਾ ਜ਼ਾਹਿਰ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਉਨ੍ਹਾਂ ਨੂੰ ਪੁਲੀਸ ਵੱਲੋਂ ਪ੍ਰੇਸ਼ਾਨ ਤੇ ਨਜ਼ਰਬੰਦ ਕੀਤਾ ਜਾਂਦਾ ਹੈ। ਵਿਦਿਆਰਥੀ ਤੇ ਸਿਵਲ ਸੁਸਾਇਟੀ ਦੇ ਮੈਂਬਰ, ਜੋ ਜੰਗਬੰਦੀ, ਮਾਨਵਤਾਵਾਦੀ ਸਹਾਇਤਾ ਤੋਂ ਰੋਕਾਂ ਚੁੱਕਣ, ਹਮਦਰਦੀ ਤੇ ਸਾਡੇ ਕੌਮੀ ਹੁੰਗਾਰੇ ਵਿੱਚ ਤੁਰੰਤ ਕਾਰਵਾਈ ਦੀ ਮੰਗ ਕਰਦੇ ਹਨ, ਨੂੰ ਮੁਸੀਬਤ ਖੜ੍ਹੀ ਕਰਨ ਵਾਲਿਆਂ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਸਰਕਾਰੀ ਪ੍ਰਣਾਲੀ, ਜੋ ਅਕਸਰ ਆਨਲਾਈਨ ਨਫ਼ਰਤੀ ਭਾਸ਼ਣਾਂ ਨੂੰ ਨਜ਼ਰਅੰਦਾਜ਼ ਕਰਦੀ ਹੈ, ਸ਼ਾਂਤੀ ਤੇ ਨਿਆਂ ਦੀ ਵਕਾਲਤ ਕਰਨ ਵਾਲਿਆਂ ਨੂੰ ਦਬਾਉਣ 'ਚ ਸਰਗਰਮ ਹੋ ਜਾਂਦੀ ਹੈ।ਹਾਈ ਕੋਰਟ ਦੇ ਇੱਕ ਹਾਲੀਆ ਫ਼ੈਸਲੇ, ਜਿਸ 'ਚ ਪਟੀਸ਼ਨਕਰਤਾ ਗਾਜ਼ਾ ਦੀ ਨਸਲਕੁਸ਼ੀ ਵਿਰੁੱਧ ਇੱਕ ਰੋਸ ਪ੍ਰਦਰਸ਼ਨ ਕਰਨ ਲਈ ਪੁਲੀਸ ਪ੍ਰਵਾਨਗੀ ਤੋਂ ਹੋਈ ਨਾਂਹ ਨੂੰ ਚੁਣੌਤੀ ਦੇ ਰਹੇ ਸਨ, ਨੇ ਕੌਮਾਂਤਰੀ ਇਕਜੁੱਟਤਾ ਮੁਜ਼ਾਹਰਿਆਂ ਪ੍ਰਤੀ ਚਿੰਤਾਜਨਕ ਨਿਆਂਇਕ ਰਵੱਈਏ ਨੂੰ ਪ੍ਰਦਰਸ਼ਿਤ ਕੀਤਾ ਹੈ। ਅਦਾਲਤ ਨੇ ਜ਼ੋਰ ਦੇ ਕੇ ਕਿਹਾ ਕਿ ਨਾਗਰਿਕਾਂ ਨੂੰ ਹਜ਼ਾਰਾਂ ਮੀਲ ਦੂਰ ਦੇ ਮੁੱਦਿਆਂ ਨਾਲੋਂ ਘਰੇਲੂ ਚਿੰਤਾਵਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ ਅਤੇ ਨਾਲ ਹੀ ਵਿਵਾਦਿਤ ਢੰਗ ਨਾਲ ਇਹ ਦਾਅਵਾ ਕੀਤਾ ਕਿ ਗਾਜ਼ਾ ਵਰਗੇ ਦੂਰ ਦੇ ਸੰਘਰਸ਼ਾਂ 'ਤੇ ਧਿਆਨ ਕੇਂਦਰਿਤ ਕਰਨਾ ਦੇਸ਼ਭਗਤੀ ਨਹੀਂ ਸੀ। ਬੈਂਚ ਨੇ ਇਹ ਵੀ ਚਿਤਾਵਨੀ ਦਿੱਤੀ ਕਿ ਅਜਿਹੇ ਪ੍ਰਦਰਸ਼ਨ ਰਾਸ਼ਟਰ ਦੀ ਵਿਦੇਸ਼ ਨੀਤੀ ਅਤੇ ਕੂਟਨੀਤਕ ਸਬੰਧਾਂ ਨੂੰ ਸੰਭਾਵੀ ਤੌਰ 'ਤੇ ਗੁੰਝਲਦਾਰ ਬਣਾ ਸਕਦੇ ਹਨ, ਖ਼ਾਸ ਤੌਰ 'ਤੇ ਇਜ਼ਰਾਈਲ-ਫ਼ਲਸਤੀਨੀ ਸੰਘਰਸ਼ ਦੇ ਸੰਦਰਭ ਵਿੱਚ, ਜਿਸ ਨੂੰ ਅਦਾਲਤ ਨੇ ਰਾਸ਼ਟਰੀ ਵਿਦੇਸ਼ੀ ਮਾਮਲਿਆਂ ਦਾ ਮੁੱਦਾ ਮੰਨਿਆ। ਨਿਆਂਪਾਲਿਕਾ ਦਾ ਤੰਗ ਰਾਸ਼ਟਰੀ ਹਿੱਤਾਂ ਅਤੇ ਦੇਸ਼ਭਗਤੀ 'ਤੇ ਦਿੱਤਾ ਜ਼ੋਰ, ਫ਼ਲਸਤੀਨੀ ਇਕਜੁੱਟਤਾ ਨਾਲ ਸਬੰਧਿਤ ਮਨੁੱਖੀ ਅਧਿਕਾਰਾਂ ਦੇ ਮੁੱਦਿਆਂ ਨਾਲ ਜੁੜੇ ਸਰੋਕਾਰਾਂ ਨੂੰ ਠੇਸ ਪਹੁੰਚਾਉਂਦਾ ਹੈ ਤੇ ਪ੍ਰਚੱਲਿਤ 'ਰਾਸ਼ਟਰੀ ਭਾਵਨਾ' ਨੂੰ ਵੀ ਦਰਸਾਉਂਦਾ ਹੈ।ਭਾਰਤ ਨੇ ਕਦੇ ਵੀ ਬਚਾਅ ਲਈ ਉਦਾਸੀਨ ਜਾਂ ਚੁੱਪ ਰਹਿਣਾ ਨਹੀਂ ਚੁਣਿਆ। ਚਲੋ ਕਲਪਨਾ ਕਰੀਏ ਕਿ ਜੇ ਗਾਂਧੀ ਜਾਂ ਨਹਿਰੂ ਜਿਊਂਦੇ ਹੁੰਦੇ ਤਾਂ ਕੀ ਉਹ ਉਦੋਂ 'ਨਿਰਪੱਖ' ਰਹਿਣ ਦਾ ਫ਼ੈਸਲਾ ਕਰਦੇ ਜਦੋਂ ਇਜ਼ਰਾਈਲ, ਪੱਛਮੀ ਦੇਸ਼ਾਂ ਦੇ ਪੂਰੇ ਸਹਿਯੋਗ ਨਾਲ ਇੱਕ ਆਬਾਦੀ ਦੀ ਸਮੁੱਚੀ ਹੋਂਦ ਨੂੰ ਯੋਜਨਾਬੱਧ ਢੰਗ ਨਾਲ ਖ਼ਤਮ ਕਰਨ 'ਤੇ ਤੁਲਿਆ ਹੋਇਆ ਹੈ ? ਉਹ ਆਪਣੀ ਪੂਰੀ ਸਮਰੱਥਾ ਨਾਲ ਕਤਲੇਆਮ ਤੇ ਭੁੱਖਮਰੀ ਨੂੰ ਰੋਕਣ ਲਈ ਕੰਮ ਕਰਦੇ। ਭਾਰਤ ਨੇ ਵਿਤਕਰੇ, ਜ਼ੁਲਮ ਅਤੇ ਨਸਲਕੁਸ਼ੀ ਦਾ ਹਮੇਸ਼ਾ ਯੋਜਨਾਬੱਧ ਤਰੀਕੇ ਨਾਲ ਵਿਰੋਧ ਕੀਤਾ ਹੈ ਤੇ ਇਹ ਇਤਿਹਾਸਕ ਤੌਰ 'ਤੇ ਪੂਰੀ ਤਰ੍ਹਾਂ ਦਰਜ ਵੀ ਹੈ। ਸੰਨ 1946 ਵਿੱਚ ਭਾਰਤ ਦੀ ਅੰਤਰਿਮ ਸਰਕਾਰ ਨੇ ਦੱਖਣੀ ਅਫ਼ਰੀਕੀ ਸੰਘ 'ਚ ਭਾਰਤੀਆਂ ਨਾਲ ਵਿਤਕਰੇ ਵਾਲੇ ਵਿਹਾਰ ਦੇ ਮੁੱਦੇ ਨੂੰ ਸੰਯੁਕਤ ਰਾਸ਼ਟਰ ਮਹਾਸਭਾ ਦੇ ਪਹਿਲੇ ਸੈਸ਼ਨ ਵਿੱਚ ਸ਼ਾਮਿਲ ਕਰਨ ਦੀ ਬੇਨਤੀ ਕੀਤੀ ਸੀ, ਜਿਸ ਨਾਲ ਰੰਗਭੇਦ ਵਿਰੁੱਧ ਲੜਾਈ ਸੰਯੁਕਤ ਰਾਸ਼ਟਰ ਦੇ ਏਜੰਡੇ ਦਾ ਹਿੱਸਾ ਬਣ ਗਈ। ਰੰਗਭੇਦ ਦੇ ਇਸ ਪੂਰੇ ਦੌਰ ਵਿੱਚ, ਭਾਰਤ ਨੇ ਦੱਖਣੀ ਅਫ਼ਰੀਕਾ ਦੇ ਨਸਲੀ ਸ਼ਾਸਨ ਵਿਰੁੱਧ ਕੌਮਾਂਤਰੀ ਪਾਬੰਦੀਆਂ ਤੇ ਬਾਈਕਾਟ ਦਾ ਲਗਾਤਾਰ ਸਮਰਥਨ ਕੀਤਾ। ਗੁੱਟ-ਨਿਰਲੇਪ ਅੰਦੋਲਨ ਦੇ ਇੱਕ ਪ੍ਰਮੁੱਖ ਮੈਂਬਰ ਵਜੋਂ ਭਾਰਤ ਨੇ 1975 'ਚ ਸੰਯੁਕਤ ਰਾਸ਼ਟਰ ਦੇ ਮਤੇ 3379 ਦਾ ਸਮਰਥਨ ਕੀਤਾ, ਜਿਸ ਨੇ ਯਹੂਦੀਵਾਦ ਨੂੰ ਦੱਖਣੀ ਅਫ਼ਰੀਕਾ ਦੇ ਰੰਗਭੇਦ ਦੇ ਬਰਾਬਰ ਦਾ ਨਸਲੀ ਵਿਤਕਰਾ ਮੰਨਿਆ।

**ਮਨੋਜ ਕੁਮਾਰ ਝਾਅ**

# ਕਾਗਜ਼ੀ ਵਿਚੋਲਪੁਣਾ

### ਲੜਕੀ/ਲੜਕੇ ਦੀ ਲੋੜ

ਕੈਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਹੰਸਰਾ ਪਰਿਵਾਰ ਦੇ ਲੜਕੇ ਉਮਰ 26 ਸਾਲ ਕੱਦ 5 ਫੁੱਟ 5 ਇੰਚ, ਵਿਦਿਅਕ ਯੋਗਤਾ:+12, ਮੈਡੀਕਲ ਕੰਪਿਊਟਿਰ ਐਪਲੀਕੇਸਨ ਕੋਰਸ, ਆਫਿਸ ਐਡਮਨਿਸਟਰੇਸ਼ਨ–ਐਗਜੈਕਟਿਵ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਭੈਣ ਉਮਰ 28 ਸਾਲ, ਕੱਦ 5 ਫੁੱਟ 2 ਇੰਚ,ਜੋ ਕਨੇਡੀਅਨ ਪੀ ਆਰ ਹੈ,ਲਈ ਵੀ ਕਨੇਡਾ ਤੋਂ ਪੜ੍ਹੇਲਿਖੇ ਨਸ਼ਾ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 923 3560 ਜਾਂ 1 204 512 3333 ***278***

### ਲੜਕੀ ਦੀ ਲੋੜ

A handsome boy born in 1989, height 5 feet 11 inches, Bachelor of Science from the University of Toronto• Master of Science in Epidemiology and Biostatistics from the University of Western Ontario Profession: Sales Manager and Real Estate Agent Currently living in Calgary, Canada from a Jat Sikh family, needs a bride girl with good marital status. Contact: 1 416 709 4900, 1 647 740 9825 ***278***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਰਾਮਗੜੀਆ (ਸੰਧੂ) ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 2002, ਕੱਦ 6 ਫੁੱਟ, ਵਿਦਿਅਕ ਯੋਗਤਾ: ਪਲੱਸ 2 ਨਾਨ ਮੈਡੀਕਲ (ਚੰਡੀਗੜ੍ਹ) ਡਿਪਲੋਮਾਂ ਸੀ ਐੱਸ ਜਨਰਲ ਸਰੀ ਕੈਨੇਡਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 355 5931 ਜਾਂ 91 9804500031 *** ***

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ,ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਜਨਮ 1992,ਕੱਦ 6 ਫੁੱਟ, Education is Bachelor of Art major in psychology and minor in human resources ਬੈਂਕ ਵਿੱਚ ਬਰਾਂਚ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਵਿਨੀਪੈਗ ਅਤੇ ਐਡਮਿੰਟਨ ਵਿੱਚ ਆਪਣੇ ਘਰ ਹਨ। ਸੰਪਰਕ:1 431 458 5148 ***274***

### ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ,ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਉਮਰ 36 ਸਾਲ, 5 ਫੁੱਟ 11 ਇੰਚ,ਕੈਮਿਕਲ ਇੰਜੀਨੀਅਰ,ਲਈ ਹਾਣ ਪਰਵਾਣ ਦੀ ਯੋਗਤਾ ਵਾਲੀ ਕੈਨੇਡੀਅਨ ਜੰਮਪਲ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 1 403 399 2690 ***278***

### ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉਪਰ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਉਮਰ 25,ਕੱਦ 6 ਫੁੱਟ ਵਿਦਿਅਕ ਯੋਗਤਾ ਪਲੱਸ 2 ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਸੰਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 28 ਸਾਲ,ਕੱਦ 5 ਫੁੱਟ 11 ਇੰਚ, ਬਿਜਨਿਸ ਦੀ ਪੜ੍ਹਾਈ ਕੀਤੀ ਹੋਈ,ਆਪਣਾ ਕਾਰੋਬਾਰ ਕਰਦੇ ਲਈ ਪ੍ਰੋਫੈਸ਼ਨਲੀ ਕੁਆਲੀਫਾਈਡ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪਿਛੋਕੜ ਵਾਲਾ ਲੜਕਾ ਪਰਿਵਾਰ ਸਮੇਤ 2015 ਤੋਂ ਅਲਬਰਟਾ ਵਿੱਚ ਸੈੱਟਲਡ ਹੈ। ਮਾਝੇ ਨੂੰ ਪਹਿਲ। ਮੈਰਿਜ ਬਿਊਰੋ ਮਾਫ ਕਰਨ। ਸੰਪਰਕ ਸਿਰਫ ਵਟਸਐਪ : 1 780 888 5995 ***274***

### ਲੜਕੇ ਦੀ ਲੋੜ

Jatt Sikh Grewal Family seeks well settled Businessman/ DDS Doctor in Calgary Canada from Gursikh/ Vegetarian teetotaler family for their Highly qualified, Dental Doctor, BDS BFUHS Graduate Beautiful, 5'-3"/ 1998 Born Daughter doing Indian Job, Visiting Canada Soon. Brother PR in Canada (Calgary). Wedding in Canada. WhatsApp/ Mobile: +1 8255587575. ***273***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਜੱਟ ਸਿੱਖ ਮੱਲੀ ਪਰਿਵਾਰ ਦੇ ਲੜਕੇ ਉਮਰ 27 ਸਾਲ, ਕੱਦ 6 ਫੁੱਟ, ਮਕੈਨੀਕਲ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜ 'ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1587 917 5166 ***277***

### ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਓਪਨ ਵਰਕ ਪਰਮਿਟ ਉੱਪਰ ਆਏ ਟਰੱਕ ਡਰਾਈਵਰ ਦੀ ਜੌਬ ਕਰਦੇ,ਲੜਕੇ ਉਮਰ 41 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ ਲੜਕੀ ਵੀ, ਚਾਹੇ ਬੱਚੇ ਵੀ ਹੋਣ, ਸੰਪਰਕ ਕਰ ਸਕਦੀ ਹੈ। ਸੰਪਰਕ: 403 975 8441 ***277***

### ਲੜਕੇ ਦੀ ਲੋੜ

ਕੈਨੇਡੀਅਨ ਸਿਟੀਜ਼ਨ,ਜੱਟ ਸਿੱਖ ਪਰਿਵਾਰ ਦੀ ਲੜਕੀ,ਜਨਮ 1996,ਕੱਦ 5 ਫੁੱਟ 6 ਇੰਚ,ਵਿੱਦਿਅਕ ਯੋਗਤਾ: ਐਸੋਸੀਏਟ ਡਿਗਰੀ ਇਨ ਕੰਪਿਊਟਰ ਸਾਇੰਸ,ਹੁਣ ਸਟੋਰ ਮੈਨੇਜਰ ਦੀ ਜੌਬ ਕਰਦੀ ਲਈ, ਹਾਣ ਪ੍ਰਵਾਣ ਦੀ ਯੋਗਤਾ ਵਾਲੇ ਵੈੱਲ ਸੈਟਲਡ ਪਰਿਵਾਰ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 852 2852 ***277***

### ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਸੌਰਟ ਮੈਰਿਜ ਡਿਵੋਰਸੀ ਲੜਕੇ ਜਨਮ 1996,ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਅਤੇ ਆਈ ਟੀ ਆਈ ਵੈਲਡਰ ਡਿਪਲੋਮਾਂ ਹੋਲਡਰ ,ਕਨੇਡਾ ਓਪਨ ਵਰਕ ਪਰਮਿਟ ਉੱਪਰ, ਘਰਾਂ ਬਣਾਉਣ ਦੇ ਕੰਮ ਵਿੱਚ ਫਰੇਮਰ ਦੀ ਜੌਬ ਕਰਦੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਪੱਕੇ ਤੌਰ 'ਤੇ ਸੈਟਲ ਹੈ। ਸੰਪਰਕ: 1 403 957 4700 ***273***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਅਣਮੈਰਿਡ ਸੋਹਣੀ ਸੁਨੱਖੀ ਲੜਕੀ,ਉਮਰ 42 ਸਾਲ, ਕੱਦ 5 ਫੁੱਟ 3 ਇੰਚ, ਚੰਗੀ ਤਨਖਾਹ ਉੱਪਰ ਸਰਕਾਰੀ ਜੌਬ ਕਰਦੀ ਲਈ,ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਿਜਟਿਰ ਵੀਜਾ ਜਾਂ ਵਰਕ ਪਰਮਿਟ ਵਾਲੇ ਲੜਕੇ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਿਆਹ ਤੋਂ ਬਾਦ ਲੜਕਾ ਐਡਮਿੰਟਨ ਰਹਿਣ ਲਈ ਤਿਆਰ ਹੋਵੇ। ਤਸਵੀਰਾਂ ਅਤੇ ਬਾਇਓਡਾਟਾ –1 780 982 0336 ਉੱਪਰ ਵਟਸਐਪ ਭੇਜ ਸਕਦੇ ਹੋ। ***276***

### ਲੜਕੀ ਦੀ ਲੋੜ

Jat Sikh Bhullar family seeking a suitable match for their son who is a turban wearer non drinker, convent educated from Dalhousie and diploma in hospitality from Australia. 31-year-old, 5'-11" who is living in Australia since 2015. He owns 16 acres of farmland and a new flat in new Chandigarh. He has come to visit his Nanka family in Calgary and seeking a suitable PR or Canadian citizen girl. Please call or text: 1 587 436 5229 ***276***

### ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਕੈਨੇਡਾ ਵਰਕ ਪਰਮਿਟ ਉੱਪਰ ਕੈਲਗਰੀ ਰਹਿੰਦੇ ਲੜਕੇ,ਜਨਮ 1991, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 236 234 0315 ਜਾਂ ਈ ਮੇਲ: harpdhaliwal408 @icloud.com ***276***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਨਰੂਲਾ (ਮਹਾਜਨ) ਪਰਿਵਾਰ ਦੇ ਵੈਜੀਟੇਰੀਅਨ,ਨਾਨ ਡਰਿੰਕ,,ਲੜਕੇ ਜਨਮ 1988, ਕੱਦ 6 ਫੁੱਟ, ਵਿਦਿਅਕ ਯੋਗਤਾ: ਬੀ ਟੈੱਕ ਇਨ ਕੰਪਿਊਟਰ ਸਾਇੰਸ(ਪੀ ਆਰ ਅਪਲਾਈਡ) ਚੰਗੀ ਕੰਪਨੀ ਵਿੱਚ ਮੈਨੇਜਰ ਦੇ ਤੌਰ ;ਤੇ ਕੰਮ ਕਰਦੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਾਕਟਰੀ ਦੇ ਖੇਤਰ ਵਿੱਚ ਲੜਕੇ ਦੇ ਪਿਤਾ ਦਾ ਆਪਣਾ ਕਲੀਨਕ ਹੈ। ਸੰਪਰਕ: 1 403 973 4039 ***275***

### ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਨਸ਼ਾ ਰਹਿਤ,10 ਏਕੜ ਜ਼ਮੀਨ ਦੇ ਮਾਲਿਕ, ਇਕਲੌਤੇ ਲੜਕੇ ਉਮਰ 23 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ: ਬੀ ਸੀ ਏ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 827 6257 ***274***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਹੇਰ ਪਰਿਵਾਰ ਦੇ ਨਸ਼ਾ ਰਹਿਤ ਲੜਕੇ ਉਮਰ 26 ਸਾਲ,ਕੱਦ 5 ਫੁੱਟ 9 ਇੰਚ, ਘਰਾਂ ਦੇ ਕੰਮ ਸਾਈਡਿੰਗ,ਰੂਫਿੰਗ,ਗਟਰ ਆਦਿ ਦੇ ਕੰਮ ਵਿੱਚ ਮਾਹਿਰ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 827 6257 ***274***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਜੱਟ ਸਿੱਖ ਚਹਿਲ ਪਰਿਵਾਰ ਦੇ ਲੜਕੇ,ਜਨਮ 1995, ਕੱਦ 6 ਫੁੱਟ 2 ਇੰਚ, ਵਿਦਿਅਕ ਯੋਗਤਾ: ਕੇਟਰਿੰਗ ਐਂਡ ਹੋਟਲ ਮੈਨੇਜਮੈਂਟ ਗਰੈਜੂਏਟ (ਕੋਲਕਾਤਾ) ਰਸੋਈ ਮੈਨੇਜਮੈਂਟ ਪੋਸਟ ਗਰੈਜੂਏਟ ਡਿਪਲੋਮਾ ਇਨ ਕੈਨੇਡਾ, ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ।
ਸੰਪਰਕ:1 587 973 4590 ***274***

### ਲੜਕੀ ਦੀ ਲੋੜ

ਨਿਊਜੀਲੈਂਡ ਪੀ ਆਰ, ਜੱਟ ਸਿੱਖ ਵਿਰਕ ਪਰਿਵਾਰ ਦੇ ਨਿਊਜੀਲੈਂਡ ਸਰਕਾਰ ਵਿੱਚ ਕੋਰੈਕਸਨ ਅਫਸਰ ਦੀ ਜੌਬ ਕਰਦੇ ਸੋਹਣੇ ਸੁਨੱਖੇ ਲੜਕੇ,ਜਨਮ 1993, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਬੈਚੂਲਰ ਇਨ ਕਾਮਰਸ, ਨਿਊਜੀਲੈਂਡ ਤੋਂ ਗਰੈਜੂਏਟ ਡਿਪਲੋਮਾ ਇਨ ਅਕਾਊਂਟਿੰਗ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਛੋਟਾ ਭਰਾ ਕਨੇਡੀਅਨ ਪੀ ਆਰ ਹੈ। ਸੰਪਰਕ :91 99880 03784 ***274***

### ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਜੱਟ ਸਿੱਖ ਸਮਰਾ ਪਰਿਵਾਰ ਦੇ ਨਸ਼ਾ ਰਹਿਤ ਲੜਕੇ, ਜਨਮ 1993 ਕੱਦ 6 ਫੁੱਟ 3 ਇੰਚ, ਵਿਦਿਅਕ ਯੋਗਤਾ ਇਲੈਕਟ੍ਰੀਕਲ ਜਰਨੀਮੈਨ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ :1 780 271 2253 ***274***

### ਲੜਕੇ ਦੀ ਲੋੜ

Sikh Jatt family seeking a suitable match for their beautiful family-oriented daughter, 29 years old, height 5'-4" raised in Calgary. Canadian Citizen with a degree from a Canadian University, now working in a reputable company. Looking for a professional and Canadian educated Jatt Sikh boy raised in Canada. Serious inquiries only 587-703-0343 ***273 ***

### ਲੜਕੇ ਦੀ ਲੋੜ

Jatt Sikh Gill - Canadian Citizen, 29-year-old girl, 5 ft tall, holding a Bachelor of Accounting degree. Currently employed in a government position. She belongs to a well-educated and respected family. Seeking a well-educated, professionally employed match based in Edmonton. Contact: +91- 98761-56620? (WhatsApp only) or 780-203-8689. **273 **

### ਲੜਕੇ ਦੀ ਲੋੜ

Jatt Sikh's parents seeking a suitable match for their Indian born daughter, Canadian citizen, born Dec 1986, 5 1.5" feet, B. Tech & MBA, working in a leading company in a management role. A boy should be well educated in good moral values, either doing a decent job or business. Cell no./WhatsApp +1 587-703-3978 **273F Rana **

### ਲੜਕੇ ਦੀ ਲੋੜ

ਪ੍ਰਜਾਪਤ ਪਰਿਵਾਰ ਦੀ ਕਨੇਡਾ ਰਹਿੰਦੀ ਲੜਕੀ,ਜਨਮ 1991,ਕੱਦ 5 ਫੁੱਟ 6 ਇੰਚ,ਵਿਦਿਅਕ ਯੋਗਤਾ: MA (Hindi) M. Ed. PTET CLEAR, National level Rifle shooter having various medals and having "D" course certificate for shooting coach, Currently on study permit master degree in M. Ed in leadership (specialization) for two year course at university of Regina, Canada ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਭਰਾ ਕਨੇਡਾ ਪੀ ਆਰ ਅਤੇ ਪਿਤਾ ਸੈਂਟਰਲ ਸਰਕਾਰ ਦਾ ਅਫਸਰ ਅਤੇ ਮਾਤਾ ਐਜੂਕੇਸ਼ਨ ਵਿਭਾਗ ਵਿੱਚੋਂ ਰਿਟਾਇਰਡ ਹਨ। ਸੰਪਰਕ: 1 437 604 4345 ਜਾਂ 1 647 570 4345 ***273F RG ***

### ਲੜਕੇ ਦੀ ਲੋੜ

The Jatt Sikh Rai family is looking for a suitable match for their beautiful, tall Canadian citizen daughter, 31 years old, 5'10 "tall. She is family-oriented, with strong family values, well-educated with an associate degree in Healthcare Information Management, and works as a Project Manager in the healthcare field. We are seeking a tall, handsome individual who is a Canadian citizen and resides in Calgary or nearby areas, with a professional career. For contact, please call, text, or leave a voicemail at 403 478 7405 (for serious inquiries only). ***274***

### ਲੜਕੇ ਦੀ ਲੋੜ

ਜੱਟ ਸਿੱਖ ਕੰਦੋਲਾ ਪਰਿਵਾਰ ਦੀ ਆਬੂਧਾਬੀ ਵਿਖੇ ਰਹਿੰਦੀ ਅਤੇ ਬੈਂਕ ਦੀ ਜੌਬ ਕਰਦੀ ਲੜਕੀ ਉਮਰ 35 ਸਾਲ, ਕੱਦ 5 ਫੁੱਟ 5 ਇੰਚ,ਵਿਦਿਅਕ ਯੋਗਤਾ : ਐਮ ਬੀ ਏ ਫਾਇਨੈਂਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 1587 228 0693, Email: arandhawa gmail.com ***291***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

### ਲੜਕੀ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਉਪਰ ਜੱਟ ਸਿੱਖ ਦੁਸਾਂਝ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ,ਉਮਰ 27 ਸਾਲ,ਕੱਦ 6 ਫੁੱਟ 4 ਇੰਚ ਵਿਦਿਅਕ ਯੋਗਤਾ ਐਮ ਏ, ਤਲਾਕਸ਼ੁਦਾ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕ ਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 971 2245 ***280*** *F*

### ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***_***

### ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

### ਲੜਕੇ ਦੀ ਲੋੜ

ਜੱਟ ਸਿੱਖ, ਖੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

## ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ।
ਸੰਪਰਕ 1 780 300 2000 (ਵਟਸਐਪ): 9583592000

Appendix E
Refer to Para 7 (c) (i) (ac) & (ii)(ac) of
Air Headquarter/99803/30/DAV-lll
Dated: 01 May 2024

**NEWS PAPER ADVERTISEMENT FOR CHANGE OF NAME (SPOUSE)**

I Hardev Kaur Punia (Existing name of spouse as per Service records), Spouse of Karnail Singh Punia (Name of husband) resident of 120 7110 80 AVE NE Calgary, AB. Canada T3J ON4 (Address) have changed my name from Hardev Kaur (Existing name of spouse as per Service records) to Hardev Kaur Punia (proposed/ adopted new name) vide Affidavit dated 30 Jul 2025 date of the Affidavit (DDMMYYYY format) at Calgary (place) Date: 31 July 2025

## ਘਰ ਦੇ ਕੰਮ ਲਈ ਸਹਾਇਕ ਔਰਤ ਦੀ ਲੋੜ

ਕੈਲਗਰੀ ਸਹਿਰ ਦੇ ਸੈਡਲਰਿੱਜ ਏਰੀਆ ਵਿੱਚ ਰਹਿੰਦੀ ਪੰਜਾਬੀ ਫੈਮਿਲੀ ਨੂੰ ਘਰ ਦੇ ਕੰਮ ( ਬਰਤਨ ਧੋਣੇ ਅਤੇ ਘਰ ਦੀ ਸਾਫ ਸਫਾਈ ਆਦਿ) ਲਈ ਹੈਲਪਰ (ਔਰਤ) ਦੀ ਲੋੜ ਹੈ। ਕੰਮ ਹਫ਼ਤੇ ਦੇ ਪੰਜ ਦਿਨ 30-35 ਘੰਟੇ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ।
ਸੰਪਰਕ : 587 329 7202


## ਬੰਬੂ ਵਰਲਡ ਫਰਨੀਚਰ

**ਕੈਲਗਰੀ ਵਿੱਚ ਪਹਿਲੀ ਵਾਰ ਇੰਡੀਆ ਤੋਂ ਬੈਂਤ ਦਾ ਬਣਿਆ ਫਰਨੀਚਰ**

ਜੇ ਤੁਸੀਂ ਵਧੀਆ ਅਤੇ ਮਜਬੂਤ ਪੇਟੀ- ਕੁਰਸੀਆਂ,ਟੇਬਲ ਖਰੀਦਣਾਂ ਚਾਹੁੰਦੇ ਹੋ, ਤਾਂ ਬੈਂਤ ਦੀਆਂ ਹੱਥਾਂ ਨਾਲ ਤਿਆਰ ਕੀਤੀਆਂ,ਬਰੇਲੀ ਦੀਆਂ ਬਣੀਆਂ ਕੁਰਸੀਆਂ ਟੇਬਲ ਸਾਡੇ ਕੋਲੋਂ ਖਰੀਦ ਸਕਦੇ ਹੋ। ਇਹ ਕੁਰਸੀਆਂ ਅਤੇ ਟੇਬਲ ਸਾਰੀ ਜ਼ਿੰਦਗੀ ਖਰਾਬ ਨਹੀਂ ਹੋਣਗੀਆਂ।
ਫੋਨ : 587 439 4305 ਜਾਂ 587 718 7574



"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ।
Email: punjabiakhbaar@gmail.com
**403 640 2000**


## Need Office Administrator

**We need Office administrator person for our Calgary Office. who speaks good English, must have driver license, good wages,we will give training also!**
**Contact : Kam Khamba**
**@403-975-0128**

**Name Change**

I, MEGHKAMAL daughter of RAJINDER SINGH, holder of Indian Passport No.# N2513723, issued at DEHRADUN, on 17/09/2015, permanent resident of VILL-HAZIRA,PO/TEH - BAZPUR,UDHAM SINGH NAGAR, PIN: 262401,UTTARAKHAND,INDIA and presently residing at 4158 28 AVE NW, EDMONTON (AB) T6L4W1, CANADA, do hereby change my name from MEGHKAMAL to MEGHKAMAL KAUR DHILLON, with immediate effect.
Date : 23/07/2025 Cont.: 1 236 880 7307

## ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ

**ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ**

**ਕਾਲ ਕਰੋ: 1 250 319 7263**


Advice from someone you trust.
Sun Life
Life's brighter under the sun

**Life & Health Insurance · Critical Illness Insurance · Disability Insurance**
**Employee Benefits · RESP · TFSA· RRSP · Mutual Funds**



**Harvinder Singh***
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc.
Advisors and their corporations conduct insurance business through Sun Life Financial Distributors (Canada) Inc.
Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.




# ਚੰਬੇ ਦੀਏ ਬੰਦ ਕਲੀਏ-2

-ਵਾਰਿਸ ਲੁਧਿਆਣਵੀ




ਮੁੰਡਾ: ਇੱਕ ਕੁੜੀ ਦੀ ਚੀਜ਼ ਗੁਆਚੀ, ਭਲਕੇ ਚੇਤਾ ਆਵੇਗਾ
ਚੱਕ ਕੇ ਚੀਜ਼ ਚੁਰਾਵਣ ਵਾਲਾ ਦੂਰ ਕਿਤੇ ਲੈ ਜਾਵੇਗਾ
ਕੁੜੀ: ਇੱਕ ਮੁੰਡੇ ਦੀ ਚੀਜ਼ ਗੁਆਚੀ, ਭਲਕੇ ਚੇਤਾ ਆਵੇਗਾ
ਚੇਤਾ ਕਰਕੇ ਸਾਡੇ ਘਰ ਦੇ ਸੌ-ਸੌ ਫੇਰੇ ਪਾਵੇਗਾ
ਮੁੰਡਾ: ਚੀਜ਼ ਗੁਆਚੀ ਹੋਈ ਜਿਸਦਮ ਯਾਦ ਕੁੜੀ ਨੂੰ ਆਵੇਗੀ
ਘੜੀ ਘੜੀ ਦਿਲ ਧੜਕੇਗਾ ਤੇ ਅੱਖ ਕੁੜੀ ਦੀ ਫਰਕੇਗੀ
ਰਾਤ ਦੇ ਵੇਲੇ ਦਿਲ ਦੀ ਕੁੰਡੀ ਖੜ-ਖੜ ਕਰਕੇ ਖੜਕੇਗੀ
ਸੁਪਨੇ ਦੇ ਵਿੱਚ ਆਕੇ ਕੋਈ ਬਾਂਹੋਂ ਪਕੜ ਜਗਾਵੇਗਾ
ਤੇ ਦੂਰ ਕਿਤੇ ਲੈ ਜਾਵੇਗਾ
ਕੁੜੀ: ਮੁੰਡਾ ਸਾਡੇ ਘਰ ਦੇ ਕੋਲੋਂ ਜਿਸ ਵੇਲੇ ਵੀ ਲੱਘੇਗਾ
ਐਧਰ ਓਧਰ ਵੇਖ-ਵੇਖ ਕੇ ਸੌ-ਸੌ ਵਾਰੀ ਖੰਘੇਗਾ
ਮੈਂ ਕਿਹਾ ਸੋਹਣਿਓ ਗੱਲ ਤੇ ਸੁਣ ਜਾਓ ਮੈਨੂੰ ਆਖ ਬੁਲਾਵੇਗਾ
ਹੱਥ ਜੋੜ ਕੇ ਸਾਡੇ ਅੱਗੇ ਸੌ ਸੌ ਮਿੰਨਤਾਂ ਪਾਵੇਗਾ
ਤੇ ਸਾਨੂੰ ਹਾਸਾ ਆਵੇਗਾ
ਮੁੰਡਾ: ਦਿਲ ਕੁੜੀ ਦਾ ਹੱਸਣ ਖੇਡਣ ਕੋਲੋਂ ਵੀ ਘਬਰਾਵੇਗਾ
ਹਾਣ ਦੀਆਂ ਮੁਟਿਆਰਾਂ ਕੋਲੋਂ ਪ੍ਰੀਤ ਕੁੜੀ ਦੀ ਟੁੱਟੇਗੀ
ਖਾਬਾਂ ਦੇ ਵਿੱਚ ਸੁੱਤੀ ਸੁੱਤੀ, ਬੋਲ ਬੋਲ ਕੇ ਉੱਠੇਗੀ
ਚਾਰ ਚੁਫੇਰੇ ਵੇਖੇਗੀ ਪਰ ਚੋਰ ਨਜ਼ਰ ਨਾ ਆਵੇਗਾ
ਤੇ ਐਵੇਂ ਦਿਲ ਘਬਰਾਵੇਗਾ
ਕੁੜੀ: ਚੀਜ਼ ਚੁਰਾਵਣ ਵਾਲਾ, ਬੁੱਝ ਲਿਆ ਮੈਂ ਕਿਹੜਾ ਏ
ਇਕ ਐ ਮੁੰਡਾ ਲੱਮ ਸਲੱਮਾ, ਲੁਕਿਆ ਫਿਰਦਾ ਜਿਹੜਾ ਏ
ਲੱਭ ਲਿਆ ਨੀ ਆ ਗਿਆ ਕਾਬੂ, ਦੌੜ ਕੇ ਕਿੱਥੇ ਜਾਵੇਗਾ
ਤੇ ਹੁਣ ਨਾ ਹੋਰ ਸਤਾਵੇਗਾ
ਰਿਕਾਰਡ ਦਾ ਲੜੀ ਨੰਬਰ ਕੋਲੰਬੀਆ EKCC 5126
ਕੰਪਨੀ -ਈ.ਐਮ.ਆਈ. ਕਰਾਚੀ ਪਾਕਿਸਤਾਨ
ਗੀਤਕਾਰ – ਵਾਰਿਸ ਲੁਧਿਆਣਵੀ / ਸੰਗੀਤ- ਰਸ਼ੀਦ ਅਤਰੇ
ਆਵਾਜ਼ਾਂ – ਇਨਾਇਤ ਹੁਸੈਨ ਭੱਟੀ ਅਤੇ ਜ਼ੁਬੈਦਾ ਖਾਨਮ

ਫਿਲਮ – ਸ਼ਹਿਰੀ ਬਾਬੂ 1953

ਕਰੀਸੈਂਟ ਪਿਕਚਰਜ਼ ਕੰਪਨੀ ਦੇ ਬੈਨਰ ਹੇਠ 1958 ਵਿੱਚ ਨਿਰਮਾਤਾ ਸੰਤੋਸ਼ ਕੁਮਾਰ ਨੇ ਜ਼ਫਰ ਮਲਿਕ ਦੇ ਨਿਰਦੇਸ਼ਨਾ ਵਿਚ ਰਸ਼ੀਦ ਅੱਤਰੇ ਦੇ ਸੰਗੀਤ ਨਾਲ ਮੁੱਖੜਾ ਫਿਲਮ ਬਣਾਈ। ਇਸ ਫਿਲਮ ਵਿੱਚ 12 ਗੀਤ ਰਿਕਾਰਡ ਹੋਏ ਹਨ। ਸਾਰੇ ਗੀਤ ਹੀ ਵਾਰਿਸ ਲੁਧਿਆਣਵੀ ਦੇ ਲਿਖੇ ਹਨ। 29 ਜੂਨ 1958 ਨੂੰ ਮੁੱਖੜਾ ਫ਼ਿਲਮ ਪ੍ਰਦਰਸ਼ਿਤ ਕੀਤੀ ਗਈ ਅਤੇ ਇਹ ਸੁਪਰ ਹਿੱਟ ਸਾਬਤ ਹੋਈ। ਵਸਲਾਂ ਦੇ ਪਲ ਜਿੰਦੋਂ ਮਹਿੰਗੇ ਹੁੰਦੇ ਨੇ। ਪਿਆਸੇ ਦਿਲਾਂ ਨੂੰ ਯਾਰ ਦੇ ਦੀਦਾਰ ਦੀ ਤਾਂਘ ਹੁੰਦੀ ਐ। ਬੱਸ ਸਾਹਮਣੇ ਬਿਠਾ ਕੇ ਦਿਲ ਦੀ ਗੱਲ ਕਹਿਣ ਨੂੰ ਹੀ ਦਿਲ ਕਰਦੈ। ਇਹੋ ਜਿਹੇ ਤੀਬਰ ਭਾਵਾਂ ਨੂੰ ਵਾਰਿਸ ਲੁਧਿਆਣਵੀ ਨੇ ਇੰਝ ਲਿਖਿਆ ਜੋ ਗਾਇਕ ਮੁਨੀਰ ਹੁਸੈਨ ਦੀ ਆਵਾਜ਼ ਵਿੱਚ ਸੰਗੀਤਕਾਰ ਰਸ਼ੀਦ ਅਤਰੇ ਦੇ ਸੰਗੀਤ ਵਿੱਚ ਫਿਲਮ ਮੁਖੜਾ ਲਈ ਰਿਕਾਰਡ ਹੋਇਆ।

ਦਿਲਾ ਠਹਿਰ ਜਾ ਯਾਰ ਦਾ ਨਜ਼ਾਰਾ ਲੈਣ ਦੇ
ਕੋਈ ਪਿਆਰ ਵਾਲੀ ਸੱਜਣਾਂ ਨੂੰ ਗੱਲ ਕਹਿਣ ਦੇ
ਆਏ ਸਮੇਂ ਅਲਬੇਲੇ, ਮਸਾਂ ਮਿਲਣੇ ਦੇ ਵੇਲੇ
ਦਿਲਾ ਖੁਸ਼ੀਆਂ ਮਨਾ ਹੋ ਗਏ ਸੱਜਣਾਂ ਦੇ ਮੇਲੇ
ਜ਼ਰਾ ਅੱਖੀਆਂ ਨੂੰ ਅੱਖੀਆਂ ਦੇ ਨਾਲ ਖਹਿਣ ਦੇ
ਦਿਲਾ ਠਹਿਰ ਜਾ ਯਾਰ ਦਾ ਨਜ਼ਾਰਾ ਲੈਣ ਦੇ
ਵੇਖ ਹੁਸਨ ਦੀ ਬਹਾਰ, ਡੁਲ੍ਹੇ ਨੈਣਾਂ 'ਚੋਂ ਖੁਮਾਰ
ਕਰ ਲੈ ਰੱਜ ਕੇ ਦੀਦਾਰ, ਤੇਰੇ ਸਾਹਮਣੇ ਐ ਯਾਰ
ਜ਼ਰਾ ਆਸ਼ਕਾਂ ਦੇ ਸੀਨੇ ਵਿੱਚ ਠੱਢ ਪੈਣ ਦੇ
ਦਿਲਾ ਠਹਿਰ ਜਾ ਯਾਰ ਦਾ ਨਜ਼ਾਰਾ ਲੈਣ ਦੇ
ਦਿਲਾ ਐਵੇਂ ਨਾ ਤੂੰ ਡੋਲ, ਬੋਲ ਪਿਆਰ ਵਾਲੇ ਬੋਲ
ਬਹਿਜਾ ਸੱਜਣਾਂ ਦੇ ਕੋਲ, ਸਾਰੇ ਦੁੱਖੜੇ ਤੂੰ ਫੋਲ
ਸਾਨੂੰ ਰੱਜ ਕੇ ਤੂੰ ਸੱਜਣਾਂ ਦੇ ਕੋਲ ਬਹਿਣ ਦੇ
ਦਿਲਾ ਠਹਿਰ ਜਾ ਯਾਰ ਦਾ ਨਜ਼ਾਰਾ ਲੈਣ ਦੇ

ਰਿਕਾਰਡ ਦਾ ਲੜੀ ਨੰਬਰ- ਕੋਲੰਬੀਆ EKCC 5090
ਕੰਪਨੀ – ਈ.ਐਮ.ਆਈ. ਕਰਾਚੀ ਪਾਕਿਸਤਾਨ
ਗੀਤਕਾਰ – ਵਾਰਿਸ ਲੁਧਿਆਣਵੀ / ਫਿਲਮ – ਮੁੱਖੜਾ 1958
ਸੰਗੀਤ – ਰਸ਼ੀਦ ਅਤਰੇ / ਆਵਾਜ਼- ਮੁਨੀਰ ਹੁਸੈਨ

ਵਸਲ ਜਦੋਂ ਵਿਛੋੜੇ ਵਿਚ ਵਟ ਜਾਵੇ, ਤਾਂ ਹੇਕ ਹੂਕ ਬਣ ਜਾਂਦੀ ਐ। ਹਾਸੇ ਹਉਕਿਆਂ 'ਚ ਤਬਦੀਲ ਹੋ ਜਾਂਦੇ ਹਨ। ਉਸ ਵਿਛੋੜੇ ਦੀ ਹੂਕ ਨੂੰ ਵਾਰਿਸ ਲੁਧਿਆਣਵੀ ਨੇ ਖੁੱਭ ਕੇ ਲਿਖਿਆ, ਜੋ ਜ਼ੁਬੈਦਾ ਖਾਨਮ ਦੀ ਪੁਰਸੋਜ਼ ਆਵਾਜ਼ ਵਿਚ ਰਸ਼ੀਦ ਅਤਰੇ ਦੇ ਹੀ ਸੰਗੀਤ ਵਿੱਚ ਫਿਲਮ 'ਮੁੱਖੜਾ' ਵਿਚ ਇੰਝ ਰਿਕਾਰਡ ਹੋਇਆ।

ਦਿਲਾ ਠਹਿਰ ਜਾ ਯਾਰ ਦਾ ਨਜ਼ਾਰਾ ਲੈਣ ਦੇ
ਕੋਈ ਜਾਂਦੀ ਵਾਰੀ ਸੱਜਣਾਂ ਨੂੰ ਗੱਲ ਕਹਿਣ ਦੇ
ਗਏ ਸਮੇਂ ਅਲਬੇਲੇ, ਸਾਡੇ ਹੱਸਣੇ ਦੇ ਵੇਲੇ
ਹੁਣ ਪਤਾ ਨਹੀਓਂ ਹੋਣੇ ਕਦੋਂ ਸੱਜਣਾਂ ਦੇ ਮੇਲੇ
ਅੱਜ ਰੋਂਦੀਆਂ ਨੇ ਅੱਖੀਆਂ ਤੇ ਰੋ ਲੈਣ ਦੇ
ਦਿਲਾ ਠਹਿਰ ਜਾ ਯਾਰ ਦਾ ਨਜ਼ਾਰਾ ਲੈਣ ਦੇ
ਮਹਿੰਦੀ ਸ਼ਗਨਾਂ ਦੀ ਲਹਿ ਗਈ,
ਮੈਂ ਤੇ ਰੋਣ ਜੋਗੀ ਰਹਿ ਗਈ
ਵਿੱਚ ਗ਼ਮਾਂ ਦੇ ਤੂਫ਼ਾਨ, ਬੇੜੀ ਜ਼ਿੰਦਗੀ ਦੀ ਪੈ ਗਈ
ਹੁਣ ਛੱਲਾਂ ਨਾਲ ਖਹਿੰਦੀ ਏ ਤੇ ਪਈ ਖਹਿਣ ਦੇ
ਦਿਲਾ ਠਹਿਰ ਜਾ ਯਾਰ ਦਾ ਨਜ਼ਾਰਾ ਲੈਣ ਦੇ
ਰੱਬਾ ਸੁਣ ਲੈ ਸਦਾਵਾਂ, ਦੁੱਖੀ ਦਿਲ ਦੀਆਂ ਹਾਵਾਂ
ਰੱਖੀਂ ਸੱਜਣਾਂ ਦੀ ਖੈਰ ਸੁਣ ਮੇਰੀਆਂ ਦੁਆਵਾਂ
ਮੇਰੇ ਲੇਖਾਂ ਵਿੱਚ ਦੁੱਖ ਨੇ ਤਾਂ ਦੁੱਖ ਰਹਿਣ ਦੇ
ਦਿਲਾ ਠਹਿਰ ਜਾ ਯਾਰ ਦਾ ਨਜ਼ਾਰਾ ਲੈਣ ਦੇ

ਰਿਕਾਰਡ ਦਾ ਲੜੀ ਨੰਬਰ- ਕੋਲੰਬੀਆ EKCC 5090
ਕੰਪਨੀ – ਈ.ਐਮ.ਆਈ. ਕਰਾਚੀ ਪਾਕਿਸਤਾਨ
ਗੀਤਕਾਰ – ਵਾਰਿਸ ਲੁਧਿਆਣਵੀ / ਫਿਲਮ – ਮੁੱਖੜਾ 1958
ਸੰਗੀਤ – ਰਸ਼ੀਦ ਅਤਰੇ / ਆਵਾਜ਼- ਜ਼ੁਬੈਦਾ ਖਾਨਮ

ਪਿੰਡ ਦੀਆਂ ਵਿਆਹੀਆਂ ਵਰ੍ਹੀਆਂ ਔਰਤਾਂ ਜਾਂ ਭਰਜਾਈਆਂ ਨਵੀਆਂ ਜਵਾਨ ਹੋਈਆਂ ਕੁੜੀਆਂ ਨੂੰ ਮੱਤਾਂ ਦਿੰਦੀਆਂ ਨੇ ਜੋ ਉਹਨਾਂ ਦਾ ਹੱਕ ਵੀ ਹੈ। ਇਹਨਾਂ ਨਸੀਹਤਾਂ ਨੂੰ ਵਾਰਿਸ




ਲੁਧਿਆਣਵੀ ਨੇ ਇੰਝ ਲਫ਼ਜ਼ਾਂ ਵਿੱਚ ਢਾਲਿਆ ਜੋਮੁੱਖੜਾ ਫਿਲਮ ਲਈ ਹੀ ਰਸ਼ੀਦ ਅਤਰੇ ਨੇ ਸੰਗੀਤਬੱਧ ਕੀਤਾ ਅਤੇ ਜ਼ੁਬੈਦਾ ਖਾਨਮ ਤੇ ਸਾਥਣਾਂ ਦੀਆਂ ਆਵਾਜ਼ਾਂ ਵਿੱਚ ਰਿਕਾਰਡ ਹੋਇਆ

ਡੋਰੇ ਖਿੱਚ ਕੇ ਨਾ ਕੱਜਲਾ ਪਾਈਏ
ਨੀ ਪੇਕਿਆਂ ਦੇ ਪਿੰਡ ਕੁੜੀਏ
ਘੱਟ ਬੋਲੀਏ ਤੇ ਬਹੁਤਾ ਸ਼ਰਮਾਈਏ
ਨੀ ਪੇਕਿਆਂ ਦੇ ਪਿੰਡ ਕੁੜੀਏ
ਅੱਲੜ੍ਹ ਜਵਾਨੀਆਂ ਨੂੰ ਡੱਕ ਡੱਕ ਰੱਖੀਏ
ਅੱਖਾਂ ਵਿੱਚ ਅੱਖਾਂ ਪਾਕੇ ਕਿਸੇ ਨੂੰ ਨਾ ਤੱਕੀਏ
ਨੀਵੀਂ ਪਾਕੇ ਨਜ਼ਰ ਲੰਘ ਜਾਈਏ
ਨੀ ਪੇਕਿਆਂ ਦੇ ਪਿੰਡ ਕੁੜੀਏ
ਲਾਲ ਲਾਲ ਬੁਲ੍ਹੀਆਂ ਤੇ ਮਲੀਏ ਨਾ ਸ਼ੱਕ ਨੀ
ਪੈਣ ਦੇਈਏ ਕਿਸੇ ਦੇ ਨਾ ਦਿਲ ਵਿੱਚ ਸ਼ੱਕ ਨਹੀਂ
ਲੱਜ ਮਾਪਿਆਂ ਦੀ ਪਾਲ ਕੇ ਦਿਖਾਈਏ
ਨੀ ਪੇਕਿਆਂ ਦੇ ਪਿੰਡ ਕੁੜੀਏ
ਹਾਣ ਦਿਆਂ ਮੁੰਡਿਆਂ ਨੂੰ ਕਦੀ ਨਾ ਬੁਲਾਈਏ ਨੀ
ਮਿੰਨਤਾਂ ਵੀ ਪਾਉਣ ਭਾਵੇਂ ਪਿਆਰ ਨਾ ਵਧਾਈਏ ਨੀ
ਦੂਰ ਦੂਰ ਤੋਂ ਇਹਨਾਂ ਨੂੰ ਤਰਸਾਈਏ
ਨੀ ਪੇਕਿਆਂ ਦੇ ਪਿੰਡ ਕੁੜੀਏ

ਰਿਕਾਰਡ ਦਾ ਲੜੀ ਨੰਬਰ- ਕੋਲੰਬੀਆ EKCC 5090
ਕੰਪਨੀ – ਈ.ਐਮ.ਆਈ.ਕਰਾਚੀ ਪਾਕਿਸਤਾਨ
ਗੀਤਕਾਰ – ਵਾਰਿਸ ਲੁਧਿਆਣਵੀ / ਫਿਲਮ – ਮੁੱਖੜਾ 1958
ਸੰਗੀਤ – ਰਸ਼ੀਦ ਅਤਰੇ / ਆਵਾਜ਼ਾਂ – ਜ਼ੁਬੈਦਾ ਖਾਨਮ ਤੇ

ਸਾਥਣਾਂ ਪ੍ਰੇਮਿਕਾ ਦੇ ਦਿਲ ਵਿੱਚ, ਲਾਉਣ ਨਾਲੋਂ ਨਿਭਾਉਣ ਦਾ ਫ਼ਿਕਰ ਜ਼ਿਆਦਾ ਹੁੰਦੈ। ਪ੍ਰੇਮਿਕਾ ਪ੍ਰੇਮੀ ਨਾਲ ਦਿਲ ਵਟਾਉਣ ਵੇਲੇ ਵਾਅਦਾ ਤਾਂ ਚਾਹੁੰਦੀ ਐ। ਜੋ ਮੁੱਖੜਾ ਵਿੱਚ ਹੀ ਰਸ਼ੀਦ ਅਤਰੇ ਦੀ ਧੁਨ ਤੇ ਜ਼ੁਬੈਦਾ ਖਾਨਮ ਦੀ ਆਵਾਜ਼ ਵਿੱਚ ਰਿਕਾਰਡ ਐ

ਮੇਰਾ ਦਿਲ ਚੰਨਾ ਕੱਚ ਦਾ ਖਿਡੌਣਾ
ਜੇ ਤੂੰ ਇਹਦੇ ਨਾਲ ਚਿੱਤ ਪ੍ਰਚਾਉਣਾ
ਤਾਂ ਦੇਖੀਂ ਇਹਨੂੰ ਤੋੜ ਨਾ ਦੇਈਂ
ਨਿਉਂ ਲਾਇਆ ਈ ਤੇ ਹੱਸ ਕੇ ਨਿਭਾਉਣਾ

ਰਿਕਾਰਡ ਦਾ ਲੜੀ ਨੰਬਰ- ਕੋਲੰਬੀਆ EKCC 5090
ਕੰਪਨੀ – ਈ.ਐਮ.ਆਈ. ਕਰਾਚੀ ਪਾਕਿਸਤਾਨ
ਗੀਤਕਾਰ – ਵਾਰਿਸ ਲੁਧਿਆਣਵੀ / ਫਿਲਮ – ਮੁੱਖੜਾ 1958
ਸੰਗੀਤ – ਰਸ਼ੀਦ ਅਤਰੇ । ਆਵਾਜ਼- ਜ਼ੁਬੈਦਾ ਖਾਨਮ

ਐਸ.ਏ.ਐਸ. ਪਿਕਚਰਜ਼ ਕੰਪਨੀ ਦੇ ਬੈਨਰ ਹੇਠ ਨਿਰਮਾਤਾ ਮਲਿਕ ਮੁਸ਼ਤਾਕ ਨੇ 1959 ਵਿੱਚ ਬੋਦੀ ਸ਼ਾਹ ਫਿਲਮ ਬਣਾਈ ਇਸਦੇ ਸੰਗੀਤ ਨਿਰਦੇਸ਼ਕ ਹਨ ਤੁਫੈਲ ਫਾਰੂਕੀ ਇਸ ਫਿਲਮ ਵਿੱਚ ਕੁੱਲ 10 ਗੀਤ ਰਿਕਾਰਡ ਹੋਏ। ਜੋ ਸਾਰੇ ਹੀ ਵਾਰਿਸ ਲੁਧਿਆਣਵੀ ਦੇ ਲਿਖੇ ਹਨ। ਅੱਲੜ੍ਹ ਉਮਰ ਦੇ ਚਾਵਾਂ ਨੂੰ ਬਿਆਨਦਾ ਬੋਦੀ ਸ਼ਾਹ ਫਿਲਮ ਵਿੱਚੋਂ ਵਾਰਿਸ ਲੁਧਿਆਣਵੀ ਦਾ ਗੀਤ

ਚੋਰੀ ਮਿਲਣੇ ਦੇ ਵੇਲੇ ਗਏ ਲੰਘ ਨੀ
ਮੈਂ ਤੇ ਬਣ ਗਈ ਮਾਹੀ ਦੀ ਹੁਣ ਮੰਗ ਨੀ
ਤੇ ਅੱਜ ਮੇਰਾ ਅੱਗ ਅੱਗ ਡੋਲੇ ਨੀ
ਡੁਲ੍ਹੇ ਪਿਆਰ ਤੇ ਸੁਹਾਗ ਵਾਲੇ ਰੰਗ ਨੀ
ਪੂਰੀ ਹੋ ਗਈ ਅੱਜ ਦਿਲ ਦੀ ਉਮੰਗ ਨੀ
ਤੇ ਅੱਜ ਮੇਰਾ ਅੱਗ ਅੱਗ ਡੋਲੇ ਨੀ
ਚੁੰਨੀ ਲੈਕੇ ਮੈਂ ਗੁਲਾਬੀ, ਜਿਵੇਂ ਡੋਲਦੇ ਸ਼ਰਾਬੀ
ਨੀ ਮੈਂ ਤੁਰਾਂ ਅਨੋਖੀ ਤੋਰ
ਧਾਰੀ ਕੱਜਲੇ ਦੀ ਪਾਕੇ, ਨੀ ਮੈਂ ਮਹਿੰਦੀਆਂ ਨੂੰ ਲਾਕੇ
ਅੱਜ ਬਣਗੀ ਹੋਰ ਦੀ ਹੋਰ
ਮੇਰਾ ਖਿੜਿਆ ਗੁਲਾਬ ਵਾਂਗੂੰ ਰੰਗ ਨੀ
ਕਿ ਅੱਜ ਮੇਰਾ ਅੱਗ-ਅੱਗ ਡੋਲੇ ਨੀ
ਜੋੜਾ ਕੇਸਰੀ ਮੈਂ ਪਾਕੇ, ਟਿੱਕਾ ਮੱਥੇ ਉੱਤੇ ਸਜਾਕੇ
ਵਹੁਟੀ ਬਣ ਕੇ ਜਦੋਂ ਮੈਂ ਘਰ ਜਾਵਾਂਗੀ
ਮਾਹੀ ਛੇੜੇਗਾ ਜੇ ਆਕੇ, ਉਹਨੂੰ ਪਰ੍ਹਾਂ ਮੈਂ ਹਟਾਕੇ
ਘੁੰਡ ਕੱਢ ਕੱਢ ਜਾਣਕੇ ਸਤਾਵਾਂਗੀ
ਪਿੱਛਾਂ ਹਟਾਂਗੀ ਮਾਹੀ ਤੋਂ ਸੰਗ-ਸੰਗ ਨੀ
ਕਿ ਅੱਜ ਮੇਰਾ ਅੱਗ-ਅੱਗ ਡੋਲੇ ਨੀ

ਰਿਕਾਰਡ ਦਾ ਲੜੀ ਨੰਬਰ-H.M.V. EKDC 5038
ਕੰਪਨੀ – ਈ.ਐਮ.ਆਈ.ਕਰਾਚੀ ਪਾਕਿਸਤਾਨ
ਗੀਤਕਾਰ – ਵਾਰਿਸ ਲੁਧਿਆਣਵੀ / ਸੰਗੀਤ – ਤੁਫੈਲ ਫਾਰੂਕੀ
ਆਵਾਜ਼ – ਜ਼ੁਬੈਦਾ ਖਾਨਮ / ਫਿਲਮ – ਬੋਦੀ ਸ਼ਾਹ 1959

ਫਿਲਮ ਬੋਦੀ ਸ਼ਾਹ ਵਿੱਚੋਂ ਹੀ ਇਕਬਾਲ ਬਾਨੋ ਦੀ ਆਵਾਜ਼ ਵਿੱਚ ਲੰਮੀਆਂ ਉਡੀਕਾਂ ਨੂੰ ਬਿਆਨ ਕਰਦੇ ਵਾਰਿਸ ਲੁਧਿਆਣਵੀ ਦੇ ਲਿਖੇ ਦਰਦ ਭਰੇ ਦਿਲ ਦੀਆਂ ਹੂਕਾਂ

ਚੰਨਾ ਤੇਰੀ ਯਾਦ ਵਿੱਚ ਔਸੀਆਂ ਪਾਵਾਂ
ਅੱਖ ਵੀ ਨਾ ਲਾਵਾਂ ਵੇ ਮੈਂ ਸਾਰੀ ਰਾਤ ਜਾਗਾਂ
ਚੋਰੀ ਚੋਰੀ ਹੰਝੂਆਂ ਦੇ ਦੀਵੇ ਮੈਂ ਜਗਾਵਾਂ
ਰਾਤਾਂ ਨੂੰ ਸਜਾਵਾਂ, ਵੇ ਮੈਂ ਸਾਰੀ ਰਾਤ ਜਾਗਾਂ
ਜਦੋਂ ਦੀ ਤੂੰ ਲਾ ਗਿਓਂ ਵਿਛੋੜੇ ਵਾਲੀ ਅੱਗ ਵੇ
ਤਾਅਨੇ ਤੇਰੇ ਨਾਂ ਦੇ ਮੈਨੂੰ ਦੇਵੇ ਸਾਰਾ ਜੱਗ ਵੇ

ਰਿਕਾਰਡ ਦਾ ਲੜੀ ਨੰਬਰ-H.M.V. EKDC 5005
ਕੰਪਨੀ – ਈ.ਐਮ.ਆਈ.ਕਰਾਚੀ ਪਾਕਿਸਤਾਨ
ਗੀਤਕਾਰ – ਵਾਰਿਸ ਲੁਧਿਆਣਵੀ / ਸੰਗੀਤ – ਤੁਫੈਲ ਫਾਰੂਕੀ
ਆਵਾਜ਼- ਇਕਬਾਲ ਬਾਨੋ / ਫਿਲਮ – ਬੋਦੀ ਸ਼ਾਹ 1959

facebook® ਫੇਸਬੁੱਕ ਪਰਿਵਾਰ ਦੀਆਂ ਗੱਲਬਾਤਾਂ

# ਖੇਤ ਵਾਲਾ ਰੰਬਾ

ਜੇ ਅੱਜ ਦੇ ਅਜੋਕੇ ਸਮੇਂ ਤੋਂ ਪੱਚੀ ਤੀਹ ਸਾਲ ਪਿੱਛੇ ਝਾਤ ਮਾਰੀਏ ਤਾਂ ਖੇਤਾਂ ਵਿੱਚ ਨਿੱਕੇ ਨਿੱਕੇ ਸੰਦ ਆਮ ਦੇਖਣ ਨੂੰ ਮਿਲ ਜਾਂਦੇ ਸਨ ਜਿਵੇਂ ਜਿੰਦਰੀ , ਰੰਬਾ , ਕਹੀ , ਸਰ੍ਹੋਂ ਪੋਰਨ ਵਾਲਾ ਹਲ , ਕਸੀਆ , ਕੁਹਾੜੀ , ਦਾਤੀ ਆਦਿ। ਪਰ ਅੱਜ ਦੇ ਮਸ਼ੀਨੀਕਰਨ ਦੇ ਯੁੱਧ ਜਿੱਥੇ ਇਹਨਾਂ ਨਿੱਕੇ ਸੰਦਾਂ ਦੀ ਥਾਂ ਘੇਰ ਲਈ ਉੱਥੇ ਮਨੁੱਖੀ ਜੀਵਨ ਦਾ ਘਾਣ ਵੀ ਹੱਦੋਂ ਵੱਧ ਕੀਤਾ। ਇਨਸਾਨ ਨੂੰ ਬਹੁਤ ਸਾਰੀਆਂ ਨਵੀਆਂ ਬੀਮਾਰੀਆਂ ਨੇ ਆਣ ਘੇਰ ਲਿਆ। ਹੱਥੀਂ ਕੰਮ ਕਰਨਾ ਹੁਣ ਟਾਵੇਂ ਟਾਵੇਂ ਪਿੰਡਾਂ ਵਿੱਚ ਹੀ ਦੇਖਣ ਨੂੰ ਮਿਲਦਾ। ਪਹਿਲਾ ਪਹਿਲ ਸਾਰਾ ਸਾਰਾ ਦਿਨ ਖੇਤਾਂ ਵਿੱਚ ਕੰਮ ਕਰਨਾ ਆਮ ਗੱਲ ਸੀ। ਕਦੇ ਕਪਾਹ ਦੀ ਗੋਡੀ ਕਰਨੀ , ਕਦੇ ਲਸਣ ਗੁੱਡਣਾ , ਕਦੇ ਗੰਢੇ ਬਸ ਮੁੱਕਦੀ ਗੱਲ ਕੇ ਸਹਿਜੇ ਸਹਿਜੇ ਸਾਰਾ ਦਿਨ ਕੰਮ ਧੰਦੇ ਲੱਗੇ ਰਹਿਣਾ। ਸੁਭਾ ਵਾਲੀ ਚਾਹ ਪੀ ਕੇ ਘਰੋਂ ਨਿਕਲ ਜਾਣਾ ਤੇ ਦੁਪਹਿਰ ਦੀ ਰੋਟੀ ਖੇਤ ਵਿੱਚ ਹੀ ਆਉਂਦੀ ਸੀ ਤੇ ਸ਼ਾਮ ਦੇ ਪੱਠਿਆਂ ਦੇ ਟਾਈਮ ਤੋਂ ਪਹਿਲਾਂ ਬਲਦ ਹੱਕਦੇ ਗੱਡੇ ਘਰਾਂ ਨੂੰ ਆਉਂਦੇ ਸੀ।

ਖੇਤ ਵਾਲੀ ਬੰਬੀ ਦੀ ਚਾਬੀ ਵੀ ਜਾਂ ਤਾਂ ਕੋਠੜੀ ( ਸਾਡੇ ਇੱਧਰ ਮਾਲਵੇ ਵਿੱਚ ਕੋਠੜੀ ਸ਼ਬਦ ਵਰਤਿਆ ਜਾਦਾਂ ) ਦੇ ਅੱਗੇ ਜਾਂ ਪਾਸੇ ਇੱਟ ਥੱਲੇ ਪਈ ਹੁੰਦੀ ਸੀ ਜਾਂ ਫਿਰ ਗੇਟ ਵੜਦੇ ਛੱਤ ਤੇ ਇੱਟ ਰੱਖ ਕੇ ਉਹਦੇ ਥੱਲੇ ਰੱਖੀ ਹੁੰਦੀ ਸੀ। ਪਰ ਅਫ਼ਸੋਸ ਹੁਣ ਚਾਬੀ ਤਾਂ ਚੋਰ ਚੱਕਿਆ ਦੇ ਡਰ ਤੋਂ ਘਰੇ ਆਉਣ ਲੱਗ ਗਈ ਤੇ ਨਾਲ ਨਾਲ ਮੋਟਰਾਂ ਦੇ ਬੋਰ ਵੀ ਕੇਬਲ ਚੋਰੀ ਦੇ ਡਰ ਤੋਂ ਕੋਠੜੀ ਅੰਦਰ ਹੀ ਕਰ ਦਿੱਤੇ ਗਏ। ਟਰਾਸਫਾਰਮਾਂ ਨੂੰ ਵੱਡੇ ਵੱਡੇ ਸੰਗਲ ਤੇ ਜਿੰਦੇ। ਤੇ ਕਹੀ ਵਾਲੇ ਮਣਕਿਆਂ ਦੀ ਥਾਂ ਸੈਫਲਾਂ ਵਾਲੇ ਪੱਕੇ ਨੱਕਿਆਂ ਨੇ ਲੈ ਲਈ ਬਸ ਇੱਕ ਢੱਕਣ ਚੁੱਕੋ ਤੇ ਦੂਜਾ ਰੱਖੋ। ਮੋਟਰਾਂ ਤੇ ਆਟੋਮੈਟਿਕ ਲੱਗ ਗਏ ਜੋ ਹੁਣ ਦੇਖੀਏ ਤਾਂ ਫੋਨ ਤੋਂ ਘਰੋਂ ਬੈਠੇ ਹੀ ਚੱਲ ਪੈਂਦੀਆਂ ਤੇ ਘਰੋਂ ਬੈਠੇ ਹੀ ਬੰਦ ਹੋ ਜਾਂਦੀਆਂ। ਇਸ ਮਸ਼ੀਨੀਕਰਨ ਨੇ ਬਹੁਤ ਕੁਝ ਆਪਣੇ ਜਾਲ ਹੇਠ ਨੱਪ ਲਿਆ। ਬੰਦੇ ਦੀ ਜਗਾ ਮਸ਼ੀਨਾਂ ਨੇ ਘੇਰ ਲਈ। ਮਜ਼ਦੂਰੀ ਖਤਮ ਕਰ ਦਿੱਤੀ। ਘਰਾਂ ਵਿੱਚ ਚਾਟੀਆਂ ਮਧਾਣੀਆ ਸਭ ਅਲੋਪ ਹੋ ਗਈਆਂ। ਪਹਿਲਾਂ ਪਹਿਲ ਹਰ ਘਰ ਵਿੱਚ ਦੋ ਚਾਰ ਪਸ਼ੂ ਜ਼ਰੂਰ ਰੱਖੇ ਹੁੰਦੇ ਸੀ ਪਰ ਅਫ਼ਸੋਸ ਅੱਜ 10 – 10 ਕਿੱਲਿਆਂ ਵਾਲੇ ਪਰਿਵਾਰ ਵੀ ਡੇਅਰੀ ਤੋਂ ਮੁੱਲ ਦੁੱਧ ਲੈ ਰਹੇ ਹਨ। ਦੁੱਧ ਮੱਖਣ ਤਾਂ ਹੁਣ ਕਿਸੇ ਵਿਰਲੇ ਘਰਾਂ ਵਿੱਚ ਹੀ ਦੇਖਣ ਨੂੰ ਮਿਲਦਾ। ਕਾੜ੍ਹਨੀ ਵਾਲਾ ਦੁੱਧ ਤਾਂ ਅਲੋਪ ਹੀ ਹੋ ਗਿਆ। ਬੱਸ ਅੱਜ ਦੇ ਨਵੇਂ ਬੱਚੇ ਪੀਜੇ ਬਰਗਰਾਂ ਨੂੰ ਤਾਕਤ ਵਾਲਾ ਭੋਜਨ ਸਮਝਣ ਲੱਗ ਪਏ।

ਬਸ ਮੁੱਕਦੀ ਗੱਲ ਤਰੱਕੀ ਜ਼ਰੂਰ ਹੋਈ ਪਰ ਇਨਸਾਨੀ ਸਰੀਰ ਉਹ ਬਜ਼ੁਰਗਾਂ ਵਾਲੇ ਸਰੀਰ ਨਹੀਂ ਰਹੇ। 12 -13 ਸਾਲ ਦੇ ਜੁਆਕਾਂ ਦੀ ਸ਼ੂਗਰ ਵੱਧਣ ਲੱਗ ਗਈ। ਹੋਰ ਬਹੁਤ ਸਾਰੀਆਂ ਬਿਮਾਰੀਆਂ ਨੇ ਛੋਟੀ ਉਮਰੇ ਜੁਆਕ ਘੇਰ ਲਏ।

ਰੌਣਕ ਹੈ ਮੁੱਕੀ ਖੇਤਾ ਵਾਲੀ ਪਹੀ ਤੋਂ
ਸੁਣਦਾ ਨਾ ਕੋਈ ਸੱਚੀ ਗੱਲ ਕਹੀ ਤੋਂ
ਬਰੇਟੇ ਵਾਲਾ ਅੱਖਰਾਂ ਨਾ ਮੇਲ ਪਾ ਗਿਆ ,
ਲਿਖ ਲਿਖ ਪੰਨੇ ਪਿੰਨ ਨੂੰ ਘਸਾ ਗਿਆ ,
ਰੱਬਾ ਉਹੀ ਦਿਨ ਤੂੰ ਲਿਆਈ ਮੁੜਕੇ ,
ਬੈਠ ਜਾਣ ਸੱਥਾ ਵਿੱਚ ਸਭ ਜੁੜ ਕੇ ..

ਆਖ਼ਰੀ ਵਿੱਚ ਇਹੀ ਅਰਦਾਸ ਕਰਦੇ ਹਾਂ ਕੇ ਸਾਡਾ ਰੰਗਲਾ ਪੰਜਾਬ ਗੁਰੂਆਂ ਪੀਰਾਂ ਦੀ ਧਰਤੀ ਹਮੇਸ਼ਾ ਹੱਸਦੀ ਵੱਸਦੀ ਰਹੇ। ਉਹੀ ਰੌਣਕਾਂ ਪਿੰਡਾਂ ਦੀਆਂ ਸੱਥਾਂ ਤੇ ਖੇਤ ਬੰਨਿਆਂ ਵਿੱਚ ਦੁਬਾਰਾ ਦੇਖਣ ਨੂੰ ਮਿਲਣ।



ਗੁਰਜੀਤ ਗਿੱਲ ( ਬਰੇਟਾ )




# ਬਿਨਾ ਹਿਲਾਏ ਇਸ ਦੇਹੀ ਨੂੰ ਉੱਲੀ ਲੱਗ ਜਾਂਦੀ ਹੈ

ਲੋਗ ਕਹਿਤੇ ਹੈਂ ਅਬ ਜ਼ਿੰਦਗੀ ਕੀ ਸ਼ਾਮ ਹੋ ਚਲੀ
ਦਿਲ ਕਹਿਤਾ ਹੈ ਮਹਿਫ਼ਿਲ ਤੋ ਸ਼ੁਰੂ ਹੀ ਸ਼ਾਮ ਕੋ ਹੋਤੀ ਹੈ।

ਉਮਰ ਦੇ ਆਖਰੀ ਪੜਾਅ ਵੱਲ ਵਧਦਿਆਂ ਵੱਖ ਹੋ ਰਹੀਆਂ ਵਸਤਾਂ ਦਾ ਵੱਧ ਮੋਹ ਆਉਣ ਲਗਦਾ ਹੈ। ਵਿੱਛੜੀਆਂ ਰੂਹਾਂ ਆਪਣੇ ਪੂਰੇ ਜਲੌਅ ਨਾਲ਼ ਯਾਦਾਂ ਵਿਚ ਹਾਜ਼ਰੀ ਭਰਦੀਆਂ ਹਨ। ਮਨ ਉਨ੍ਹਾਂ ਪਲਾਂ ਲਈ ਵੈਰਾਗ ਜਾਂਦਾ ਹੈ। ਸਾਨੂੰ ਪਤਾ ਹੁੰਦਾ ਹੈ ਕਿ ਸਾਡੀ ਨਸੀਹਤ ਸੌ ਫੀ ਸਦੀ ਸਹੀ ਹੈ ਪਰ ਸਾਨੂੰ ਕਿਹਾ ਜਾਂਦਾ ਹੈ 'ਬਸ,ਆਪਣੀ ਸਲਾਹ ਕੋਲ਼ ਰੱਖੋ'। ਬਿਨਾ ਕਿਸੇ ਦੇ ਮੰਗਣ ਦੇ ਮਦਦ ਕਰਨ ਦੀ ਕਾਹਲ਼ ਨਾ ਕਰੋ ਪਰ ਇਸ ਮਦਦ ਲਈ ਹਮੇਸ਼ਾ ਤਿਆਰ ਰਹੋ। ਇਕ ਹੋਰ ਨੁਕਤਾ ਮਿਲਿਆ ਹੈ ਕਿ ਦੂਜਿਆਂ ਤੋਂ ਕੋਈ ਆਸ ਨਾ ਰੱਖੋ, ਨਾ ਦੋਸਤਾਂ ਮਿੱਤਰਾਂ ਤੋਂ ਨਾ ਉਲਾਦ ਤੋਂ ਤੇ ਨਾ ਹੀ ਉਨ੍ਹਾਂ ਤੋਂ ਜਿੰਨ੍ਹਾਂ ਦੇ ਕਦੇ ਅੜੇ ਥੁੜੇ ਕੰਮ ਆਏ ਸੀ। ਦਿਸਦੇ ਜਗਤ ਦੀਆਂ ਤਲਖੀਆਂ ਨਾਲ਼ ਟਕਰਾ ਕੇ ਸਾਡੀਆਂ ਉਮੀਦਾਂ ਚੂਰ-ਚੂਰ ਹੋ ਕੇ ਖਿਲਰਦੀਆਂ ਹਨ। ਇਕ ਹੋਰ ਨੁਕਤਾ ਹੱਥ ਲੱਗਿਆ ਹੈ ਕਿ ਆਪਣੇ ਪਿਆਰਿਆਂ ਨੂੰ ਹਰ ਮੁਸੀਬਤ ਤੋਂ ਬਚਾਉਣ ਦਾ ਫ਼ਿਕਰ ਛੱਡੋ। ਇਨ੍ਹਾਂ ਦੀ ਘਟ ਰਹੀ ਪੂੰਜੀ ਇਨ੍ਹਾਂ ਦੇ ਹੀ ਹੱਥ-ਵੱਸ ਹੈ। ਕਈ ਵਾਰੀ ਅਸੀਂ ਆਪਣੀ ਸਿਆਣਪ ਨਾਲ਼ ਹੋਰਨਾਂ ਨੂੰ ਸੇਧ ਦੇਣ ਦੇ ਜਤਨ ਕਰਦੇ ਹਾਂ, ਸਲਾਹ ਪਰੋਸਦੇ ਹੀ ਨਹੀਂ ਥੋਪਦੇ ਵੀ ਹਾਂ ਕਿ ਆਹ ਕੰਮ ਇਉਂ ਨਹੀਂ ਕਰਨਾ ਇਉਂ ਕਰ ਲੈ। ਜੇ ਕਦੇ ਕੋਈ ਵਿਰਲਾ ਸਲਾਹ ਮੰਨ ਵੀ ਲਏ ਤਾਂ ਪਲ-ਦੋ-ਪਲ ਆਪਣੇ-ਆਪ ਤੇ ਮਾਣ ਹੋ ਜਾਂਦਾ ਹੈ। ਪਰ ਸਮੇਂ ਦੀ ਪਰਤ ਹੇਠ ਕੀ ਉਘੜਦਾ ਹੈ ਇਹ ਸਾਡੇ ਹੱਥ-ਵੱਸ ਨਹੀਂ। ਉਮਰ ਦੇ ਬੀਤਣ ਨਾਲ਼ ਸਾਡੀ ਦੇਹੀ ਦੀ ਕੋਈ ਨਾ ਕੋਈ ਚੂਲ਼ ਵਿੰਗੀ-ਟੇਢੀ ਹੋ ਹੀ ਜਾਂਦੀ ਹੈ। ਇਸ ਦੀ ਸਾਰਾ ਦਿਨ ਸ਼ਿਕਾਇਤ ਕਰਦੇ ਰਹਿਣਾ ਹੋਰਨਾਂ ਨੂੰ ਅਕਾ ਮਾਰਦਾ ਹੈ। ਸਾਰਾ ਦਿਨ ਬੂ-ਕਲਾਪ ਕਰਾਂਗੇ ਤਾਂ ਹਰ ਕੋਈ ਅਣਸੁਣਿਆਂ ਹੀ ਕਰਦਾ ਹੈ। ਉਂਞ ਤਾਂ ਕੀਤੇ ਅਹਿਸਾਨ ਨਾਲ਼ ਕੋਈ ਵੀ ਸਹਿਮਤ ਨਹੀਂ ਹੁੰਦਾ ਪਰ ਉਲ਼ਾਦ ਤਾਂ ਇਸ ਨੂੰ ਬਿਲਕੁਲ ਹੀ ਬਿਨਾ ਜਤਲਾਏ ਹੱਕ ਵਾਂਗ ਹੀ ਪ੍ਰਾਪਤ ਕਰਦੀ ਹੈ। ਤੁਸੀਂ ਕੀਤਾ ਹੀ ਕੀ ਹੈ ? ਜਿਹਾ ਸਵਾਲ ਸਾਹ-ਨਾੜੀ ਤੀਕ ਚੁਭਦਾ ਹੈ। ਅਹਿਸਾਨ ਜਤਾ ਕੇ ਅਸੀਂ ਨੱਕ-ਬੁੱਲ੍ਹ ▾ਤੋਂ ਲਹਿ ਜਾਂਦੇ ਹਾਂ। ਇਹੋ ਜਿਹੇ ਕੀਤੇ ਦੀ ਕਦੇ ਵੀ ਵਾਪਸੀ ਉਮੀਦ ਰੱਖਣੀ ਫ਼ਜ਼ੂਲ ਹੈ। ਇਕ ਹੋਰ ਨੁਕਤਾ ਕਿ ਬਜ਼ੁਰਗਾਂ ਨੂੰ ਹੱਥ ਵੱਢ ਕੇ ਨਹੀਂ ਦੇਣੇ ਚਾਹੀਦੇ। ਗਰਜ਼ਾਂ ਮਾਰੀ ਇਸ ਦੁਨੀਆਂ ਦੀਆਂ ਖੱਡਾਂ ਮੁੰਦਣੀਆਂ ਔਖੀਆਂ ਹਨ। ਜ਼ਿੰਦਗੀ ਦੇ ਭੁਰਦੇ ਕਿਨਾਰਿਆਂ ਨੂੰ ਕਦੇ ਵੀ ਲੋੜ ਪੈ ਸਕਦੀ ਹੈ। ਜਦੋਂ ਤੱਕ ਗੋਡੇ ਗਿੱਟੇ ਚਲਦੇ ਹੋਣ ਇਨ੍ਹਾਂ ਨੂੰ ਹਰਕਤ ਵਿਚ ਰੱਖਣਾ ਲਾਜ਼ਮੀ ਹੈ। ਬਿਨਾ ਹਿਲਾਏ ਇਸ ਦੇਹੀ ਨੂੰ ਉੱਲੀ ਲੱਗ ਜਾਂਦੀ ਹੈ। ਪਾਸਾ ਥੱਲੇ ਬਿਨਾ ਸਰਦਾ ਨਹੀਂ।

ਅੱਜ ਦਾ ਯੁਗ ਪਲ-ਪਲ ਖ਼ਬਰ ਬਦਲ ਰਿਹਾ ਹੈ। ਹਰ ਪਾਸੇ ਉਪਰੋਥਲ਼ੀ ਵਾਰਦਾਤਾਂ ਹੋ ਰਹੀਆਂ ਹਨ। ਆ ਰਹੀ ਪੀੜ੍ਹੀ ਨੇ ਹੈਰਾਨ ਹੋਣਾ ਛੱਡ ਦਿੱਤਾ ਹੈ। ਪਰ ਸਾਨੂੰ ਹਰ ਸਮੇਂ ਬਦਲ ਰਹੀਆਂ ਪਰਤਾਂ ਦਾ ਪਤਾ ਹੋਣਾ ਜ਼ਰੂਰੀ ਹੈ। ਹੁਣ ਸਮਾ ਹੈ ਬਚਦੇ ਸਾਹ ਆਪਣੇ ਲਈ ਜਿਉਂ ਕੇ ਦੇਖ ਲਈਏ। ਅਧੂਰੇ ਸੁਪਨੇ ਤਾਂ ਪੂਰੇ ਨਹੀਂ ਹੋ ਸਕਦੇ, ਪਰ ਜੋ ਹੱਥ-ਵੱਸ ਹੈ ਉਸ ਨੂੰ ਗੌਲਣ ਲਈ ਹੀ ਰੱਬ ਨੇ ਸਾਨੂੰ ਇਹ ਬੋਨਸ ਦੀ ਆਰਜਾ ਬਖ਼ਸ਼ੀ ਹੈ। ਹਰ ਦਿਨ ਉਸ ਦੇ ਸ਼ੁਕਰਗੁਜ਼ਾਰ ਹੋਈਏ। ਜਿੰਨੇ ਜੋਗੇ ਹਾਂ ਹੋਰਨਾਂ ਦੇ ਕੰਮ ਆ ਸਕੀਏ। ਆਓ ਸਭ ਨੂੰ ਆਪਣਾ ਸਮਝ ਕੇ ਪਰਿਵਾਰ ਦੀਆਂ ਹੱਦਾਂ ਮੋਕਲ਼ੀਆਂ ਕਰੀਏ। ਰਹਿੰਦੇ ਪਲ ਹੱਸ ਕੇ ਗੁਜ਼ਾਰੀਏ। ਸ਼ਾਇਰ ਆਖਦਾ ਹੈ –

ਓੜਕ ਜਾਣੈ ਮਰ ਵੇ ਚੱਲ ਮੇਲੇ ਨੂੰ ਚੱਲੀਏ
ਖਸਮਾਂ ਨੂੰ ਖਾਂਦਾ ਤੇਰਾ ਘਰ ਵੇ ਚੱਲ ਮੇਲੇ ਨੂੰ ਚੱਲੀਏ।

bridgeport CHESTERMERE

ਦੁਪਹਿਰ 1:00 ਵਜੇ ਤੋਂ ਲੈਕੇ ਸ਼ਾਮ 4:00 ਵਜੇ ਤੱਕ
ਸ਼ਨਿੱਚਰਵਾਰ 23 ਅਗਸਤ 2025


# ਕਮਿਓਨਿਟੀ ਗਰੈਂਡ ਓਪਨਿੰਗ






## ਇੱਕ ਕੁਮਿਓਨਿਟੀ ਸਾਰੇ ਸਭਿਆਚਾਰਾਂ ਲਈ

23 ਅਗਸਤ ਨੂੰ, ਦੁਨੀਆ ਭਰ ਦੇ ਸੁਆਦੀ ਭੋਜਨ ਅਤੇ ਪਰਿਵਾਰ-ਅਨੁਕੂਲ ਗਤੀਵਿਧੀਆਂ ਨਾਲ ਬ੍ਰਿਜਪੋਰਟ ਦੀ ਜਿੰਦਾਦਿਲੀ ਦੇ ਜਸ਼ਨ ਮਨਾਓ। ਆਓ ਸਾਡੀ ਭਾਈਚਾਰਕ ਦਿੱਖ ਵਾਲੀ ਵਿਭਿੰਨਤਾ ਦਾ ਸਨਮਾਨ ਕਰਨ ਲਈ ਦੋਸਤਾਂ, ਪਰਿਵਾਰ ਅਤੇ ਗੁਆਂਢੀਆਂ ਨਾਲ ਇਕੱਠੇ ਹੋਵੋ।




ਚੈਸਟਰਮੇਅਰ ਦੇ ਪੱਛਮੀ ਸਿਰੇ 'ਤੇ ਸਥਿਤ, ਇਹ ਭਾਈਚਾਰਾ ਸ਼ਾਂਤ ਝੀਲਾਂ ਦੇ ਨੇੜੇ ਰਹਿਣ-ਸਹਿਣ ਅਤੇ ਸਮਕਾਲੀ ਸ਼ਹਿਰੀ ਸਹੂਲਤ ਦਾ ਇੱਕ ਵਿਲੱਖਣ ਸੰਤੁਲਨ ਪੇਸ਼ ਕਰਦਾ ਹੈ। ਬ੍ਰਿਜਪੋਰਟ ਕੈਲਗਰੀ ਸ਼ਹਿਰ ਅਤੇ ਚੈਸਟਰਮੇਅਰ ਸ਼ਹਿਰ ਦੇ ਵਿਚਕਾਰ ਇੱਕ ਪ੍ਰਵੇਸ਼ ਦੁਆਰ ਵੱਜੋਂ ਭਾਈਚਾਰੇ ਦੀ ਭੂਮਿਕਾ ਦਾ ਲਾਭ ਉਠਾਉਂਦਾ ਹੈ, ਜਦੋਂ ਕਿ ਕੁਦਰਤੀ ਆਲੇ ਦੁਆਲੇ ਨਾਲ ਆਪਣੇ ਸਬੰਧਾਂ ਨੂੰ ਮਜ਼ਬੂਤ ਕਰਦਾ ਹੈ।

**liveinbridgeport.com**



| LANED DUPLEXES | LANED HOMES | FRONT GARAGE HOMES |
|---|---|---|
| from the mid | from the high | from the mid |
| $500s | $500s | $700s |

**Showhomes Opening August 23**
- NuVista Homes
- Shane Homes
- Sterling Homes
- Broadview Homes
- Truman
- Trico Homes

WE CREATE LEGACY COMMUNITIES THAT **INSPIRE PRIDE, ENRICH LIVES** AND **ENDURE IN VALUE.**

QUALICO® communities



ਆਖਿਰੀ ਫੇਸ,
ਹਮੇਸ਼ਾ ਰਹਿਣ ਵਾਲਾ ਘਰ.
Ambleton Blvd
24 St NW
144 Ave NW
ਫੇਸ 7
ਹੁਣ
ਖੁੱਲਾ ਹੈ
ਐਂਬਲਟਨ ਦੇ ਜੀਵੰਤ ਉੱਤਰੀ-ਪੱਛਮੀ ਭਾਈਚਾਰੇ ਵਿੱਚ ਇਸ ਦਿਲਚਸਪ ਨਵੇਂ ਪੜਾਅ ਦੀ ਖੋਜ ਕਰੋ! ਇਸ ਸ਼ਾਂਤਮਈ ਐਨਕਲੇਵ ਵਿੱਚ ਵਾਕਆਊਟ ਲਾਟ, ਇੱਕ ਭਵਿੱਖੀ ਸਕੂਲ ਸਾਈਟ, ਵਿਸ਼ਾਲ ਖੇਡ ਦੇ ਮੈਦਾਨ, ਅਤੇ ਬਾਹਰ ਦਾ ਆਨੰਦ ਲੈਣ ਲਈ ਹਰੇ ਭਰੇ ਖੇਤਰ ਹਨ। ਵਿਸ਼ਾਲ ਭਾਈਚਾਰੇ ਵਿੱਚ 3 ਖੇਡ ਦੇ ਮੈਦਾਨ, ਇੱਕ ਸੁਰੱਖਿਅਤ ਅਤੇ ਸੁੰਦਰ ਮਾਰਗ ਪ੍ਰਣਾਲੀ, ਅਤੇ ਪਰਿਵਾਰ ਅਤੇ ਦੋਸਤਾਂ ਨਾਲ ਇਕੱਠੇ ਹੋਣ ਲਈ ਹੋਰ ਵੀ ਹਰੀ ਜਗ੍ਹਾ ਹੈ।
ਐਂਬਲਟਨ ਦੇ ਅੰਤਿਮ ਪੜਾਅ ਵਿੱਚ ਇੱਕ ਚੰਗੀ ਤਰ੍ਹਾਂ ਸਥਾਪਿਤ ਭਾਈਚਾਰੇ ਦੀਆਂ ਸਾਰੀਆਂ ਸਹੂਲਤਾਂ ਦੇ ਵਿਚਕਾਰ ਆਪਣਾ ਸੰਪੂਰਨ ਘਰ ਲੱਭੋ!
liveinambleton.com
· Sterling Homes · Jayman BUILT · Trico Homes
· Shane Homes · Broadview Homes
Front Garage
FROM THE MID
$700s
Laned Homes
FROM THE HIGH
$500s
Ambleton
A Qualico Community
QUALICO communities
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.




Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1





ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8




Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5




Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com




NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

# ਜਦੋਂ ਪਿੰਡ ਉਜਾੜੇ ਜਾਂਦੇ ਨੇ ....ਫਿਰ ਰੌਲੇ ਪੈਂਦੇ ਨੇ



ਸਰਬਜੀਤ ਧਾਲੀਵਾਲ
98141-23338

ਜਦੋਂ ਪਿੰਡ ਉਜਾੜੇ ਜਾਂਦੇ ਨੇ ਫਿਰ ਰੌਲੇ ਪੈਂਦੇ ਨੇ। ਤੇ ਹੁਣ ਪੰਜਾਬ ਵਿਚ ਪੈ ਰਹੇ ਹਨ। ਕਿਉਂਕੇ ਸਮੇ ਦੇ ਹਾਕਿਮਾਂ ਨੇ ਲੁਧਿਆਣਾ ਦੇ ਆਸ ਪਾਸ ਅਤੇ ਕਈ ਹੋਰ ਥਾਵਾਂ ਤੇ ਪਿੰਡਾਂ ਦਾ ਵਜੂਦ ਮਿਟਾ ਕੇ ਸ਼ਹਿਰ ਉਸਾਰਨ ਦਾ ਐਲਾਨ ਕਰ ਦਿੱਤਾ ਹੈ। ਇਸ ਐਲਾਨ ਦੇ ਖ਼ਿਲਾਫ਼ ਪਿੰਡਾਂ ਚ ਲਲਕਾਰੇ ਵੱਜ ਰਹੇ ਨੇ। ਪੰਜਾਬ ਦੇ ਕਿਸਾਨਾਂ ਤੇ ਲੋਕਾਂ ਨੇ ਇਕ ਵਾਰ ਫਿਰ ਆਪਣੀਆਂ ÷ਨਸਲਾਂ ਤੇ ਫ਼ਸਲਾਂ÷ ਦੀ ਹੋਂਦ ਦੀ ਲੜਾਈ ਲੜਨ ਲਈ ਕਮਰਕੱਸੇ ਕਸ ਲਏ ਹਨ। ਸਰਕਾਰ ਦੇ ਐਲਾਨ ਦੇ ਖਿਲਾਫ ਘੋਲ ਦਾ ਰਣਸਿੰਗਾ ਵੱਜ ਚੁਕਾ ਹੈ। ਪਿੰਡਾਂ ਚ ਗ੍ਰਾਮ ਸੰਭਾਵਾਂ ਹੋ ਰਹੀਆਂ ਹਨ। ਸਰਕਾਰੀ ਤੰਤਰ ਲੋਕਾਂ ਨੂੰ, ਕਿਸਾਨਾਂ ਨੂੰ ਸੋਧੀ ਹੋਈ ਲੈਂਡ ਪੂਲਿੰਗ ਨੀਤੀ ਦੇ ਫਾਈਦੇ ਗਿਣਾ ਰਿਹਾ ਹੈ। ਪਰ ਲੋਕ ਪੈਰਾਂ ਤੇ ਪਾਣੀ ਨਹੀਂ ਪੈਣ ਦੇ ਰਹੇ। ਗ੍ਰਾਮ ਸਭਾਵਾਂ ਨੇ ਸਰਕਾਰ ਵਲੋਂ ਜ਼ਮੀਨ ਹਥਿਆਉਣ ਦੇ ਖਿਲਾਫ ਮਤੇ ਪਾਸ ਕਰਨੇ ਸ਼ੁਰੂ ਕਰ ਦਿੱਤੇ ਹਨ।ਲੋਕ ਕਹਿ ਰਹੇ ਨੇ ਜੇਕਰ ਲੈਂਡ ਪੂਲਿੰਗ ਨੀਤੀ ਐਨੀ ਹੀ ਵਧੀਆ ਤਾਂ ਮੁਖ ਮੰਤਰੀ ਪਹਿਲਾਂ ਇਹ ਆਪਣੇ ਪਿੰਡ ਤੋਂ ਸ਼ੁਰੂ ਕਰੇ ਤੇ ਉਸਨੂੰ ਸ਼ਹਿਰ ਚ ਤਬਦੀਲ ਕਰੇ। ਸੋਸ਼ਲ ਮੀਡਿਆ ਤੇ ਬੜੇ ਅੱਗ ਵਰਗੇ ਤੱਤੇ ਬਿਆਨ ਆ ਰਹੇ ਨੇ। ਇਕ ਅੰਦਾਜੇ ਮੁਤਾਬਿਕ ਸਾਰੇ ਪੰਜਾਬ ਚ 116 ਪਿੰਡਾਂ ਦੀ 65533 ਏਕੜ ਜਮੀਨ ਸਰਕਾਰ ਨੇ ਲੈਣ ਦੀ ਤਜਵੀਜ ਬਣਾਈ ਹੈ। ਪਰ ਸਭ ਤੋਂ ਪ੍ਰਭਾਵਿਤ ਖੇਤਰ ਲੁਧਿਆਣਾ ਦੇ ਆਸ ਪਾਸ ਦਾ ਇਲਾਕਾ ਹੈ ਜਿਥੇ ਲਗਭਗ 25 ਪਿੰਡਾਂ ਦੀ 25000 ਏਕੜ ਜਮੀਨ ਸ਼ਹਿਰੀ ਕਰਣ ਤੇ ਉਦਯੋਗਾਂ ਲਈ ਹਾਸਿਲ ਕੀਤੀ ਜਾਣੀ ਹੈ। ਲਗਭਗ 6 ਉਦਯੋਗਿਕ ਝੁੰਡ ਬਣਾਉਣ ਦੀ ਵਿਉਂਤ ਹੈ। ਜਿਨ੍ਹਾਂ ਪਿੰਡਾਂ ਤੇ ਉਜਾੜੇ ਦੀ ਤਲਵਾਰ ਲਟਕਦੀ ਹੈ ਉਹਨਾਂ ਚ ਦਾਖਾ, ਢੈਪੀ, ਅਲੀਗੜ੍ਹ, ਹੀਰਾਂ, ਰੁੜਕਾ, ਨੂਰਪੁਰ ਬੇਟ, ਜੋਧਾਂ, ਮਨਸੂਰਾਂ ਕੈਲਪੁਰ, ਮਲਕਪੁਰ, ਗੜ੍ਹਾ, ਪਮਾਲੀ, ਪਮਾਲ, ਲਲਤੋਂ ਕਲਾਂ, ਸ਼ੇਕਰਾਂ, ਰਤਨ, ਖਡੂਰ ਤੇ ਚੱਕ ਕਲਾਂ ਆਦਿ ਸ਼ਾਮਿਲ ਨੇ।

ਜਜ਼ਬਾਤ ਮੁਕਤ ਸਰਕਾਰੀ ਤੰਤਰ ਨੂੰ ਇਹ ਖ਼ਬਰ ਨਹੀਂ ਕੇ ਹਰ ਪਿੰਡ ਆਪਣੇ ਆਪ ਵਿੱਚ ਇਕ ਇਤਹਾਸਿਕ ਸ਼ਿਲਾਲੇਖ ਹੈ। ਸਾਡੇ ਵੱਢ ਵਡੇਰਿਆਂ ਦਾ ਜਨਮ ਤੋਂ ਲੈਕੇ ਮਰਨ ਤੱਕ ਦਾ ਲੇਖਾ ਜੋਖਾ ਇਨ੍ਹਾਂ ਪਿੰਡਾਂ ਦੀਆਂ ਗਲੀਆਂ, ਰਾਹਾਂ, ਖੇਤਾਂ ਤੇ ਕੰਧਾਂ ਤੇ ਉਕਰਿਆ ਹੋਇਆ ਹੈ। ਹਰ ਪਿੰਡ ਦੀ ਆਪਣੀ ਕਥਾ, ਕਹਾਣੀ ਹੈ। ਕਿਸੇ ਦੀ ਛੋਟੀ ਤੇ ਕਿਸੇ ਦੀ ਵੱਢੀ। ਪਿੰਡ ਨੂੰ ਉਜਾੜਨਾ ਇਤਹਾਸਿਕ ਸ਼ਿਲਾਲੇਖ ਨੂੰ ਮਿਟਾਉਣਾ ਹੈ। ਕਿਸੇ ਵੀ ਵਿਆਕਤੀ ਦੀ ਮੁਢਲੀ ਪਹਿਚਾਣ ਉਸਦੀ ਜੰਮਣ ਭੋਏਂ ਨਾਲ ਜੁੜੀ ਹੁੰਦੀ ਹੈ। ਇਸ ਪਹਿਚਾਣ ਨੂੰ ਬੰਦੇ ਤੋਂ ਸਤਾ ਸ਼ਕਤੀ ਦੇ ਜ਼ੋਰ ਨਾਲ ਖੋਹਿਆ ਜ਼ੂਰ ਸਕਦਾ ਹੈ ਪਰ ਉਸਦੇ ਅੰਦਰੋਂ ਮਨਫ਼ੀ ਕਿਸੇ ਕਦਰ ਨਹੀਂ ਕੀਤਾ ਜਾ ਸਕਦਾ।ਇਹ ਵੀ ਸਾਡੇ ਸਮਿਆਂ ਤੇ ਇਸਤੋਂ ਪਹਿਲੇ ਸਮਿਆਂ ਦਾ ਸੱਚ ਹੈ ਕੇ ਮਨੁੱਖਾਂ ਨੂੰ ਮਨਮੁਖ ਉਜਾੜਦੇ ਹੀ ਆਏ ਨੇ। ਨਵੇਂ ਸ਼ਹਿਰੀ ਇਲਾਕੇ ਵਸਾਉਣ ਲਈ ਪਿੰਡਾਂ ਨੂੰ ਉਜਾੜਨ ਦਾ ਬੀੜਾ ਉਸੇ ਸਿਲਸਿਲੇ ਦਾ ਹਿਸਾ ਹੈ।ਦੇਸ਼ ਦੇ ਵੰਡ ਹੋਈ। ਲੱਖਾਂ ਲੋਕ ਆਪਣੇ ਪਿੰਡਾਂ ਚ ਉੱਜੜ ਗਏ ਜਾਂ ਉਜਾੜ ਦਿੱਤੇ ਗਏ। ਬੇਸ਼ੁਮਾਰ ਲੋਕ ਬੇਘਰ ਹੋ ਗਏ। ਨਵੇਂ ਥਾਵੀਂ ਆ ਕੇ ਵੱਸ ਗਏ। ਕਈਆਂ ਨੇ ਨਵੇਂ ਪਿੰਡ ਬਨ ਲਏ ਪਰ ਉਹਨਾਂ ਦੇ ਚੇਤਿਆਂ ਚ ਆਪਣਾ ਜੱਦੀ ਪਿੰਡ ਆਖਰੀ ਸਾਹ ਤਕ ਮਨਫ਼ੀ ਨਹੀਂ ਹੋਇਆ। ਅਖੀਰ ਤੱਕ ਉਹਨਾਂ ਦੀ ਰੂਹ ਆਪਣੇ ਪਿੰਡ ਨੂੰ ਦੇਖਣ ਲਈ ਤਰਸਦੀ ਰਹੀ। ਮਹਾਨ ਫਿਲਮ ਐਕਟਰ ਸੁਨੀਲ ਦੱਤ ਜਦੋਂ ਬਿਮਾਰ ਹੋਕੇ ਮੰਜੇ ਤੇ ਪੈ ਗਿਆ ਤਾਂ ਉਸਨੇ ਬੇਟੇ ਸੰਜੇ ਦੱਤ ( ਮੁਨਾਂ ਭਾਈ ) ਨੂੰ ਕਿਹਾ ਕੇ ਮੈਨੂੰ ਮੇਰੇ ਪਿੰਡ ਲੈ ਚੱਲ।ਸੰਜੇ ਕਹੇ ਕੇ ਤੁਹਾਡਾ ਪਿੰਡ ਇਥੇ ਹੀ ਹੈ। ਸੁਨੀਲ ਦੱਤ, ਜਿਸਦਾ ਜਨਮ ਤੋਂ ਬਾਦ ਨਾਮ ਬਲਰਾਜ ਰੱਖਿਆ ਗਿਆ ਸੀ, ਕਹੇ ਨਹੀਂ ਇੱਥੇ ਮੇਰਾ ਪਿੰਡ ਨਹੀਂ। ਸੁਨੀਲ ਦੱਤ ਦਾ ਜਨਮ ਜੇਹਲਮ ਜ਼ਿਲੇ ਦੇ ਪਿੰਡ ਨਾਕਾ ਖੁਰਦ ( ਹੁਣ ਪਾਕਿਸਤਾਨ ਚ ) ਹੋਇਆ ਸੀ। ਵੰਡ ਤੋਂ ਬਾਅਦ ਉਸਦਾ ਪਰਿਵਾਰ ਯਮੁਨਾਨਗਰ ਦੇ ਪਿੰਡ ਮੜੋਲੀ ਚ ਵੱਸ ਗਿਆ ਸੀ। ਉਹ ਨਾਕਾ ਖੁਰਦ ਜਾਣ ਨੂੰ ਤਰਸਦਾ ਮਰ ਗਿਆ। ਵੰਡ ਤੋਂ 78 ਸਾਲ ਬਾਦ ਵੀ ਵਾਗਿਓਂ ਪਾਰੋਂ ਆਏ ਲੱਖਾਂ ਲੋਕਾਂ ਨਾਲ ਰਿਫਿਉਜੀ ਟੈਗ ਚਿਪਕਿਆ ਹੋਇਆ ਹੈ। ਇਹ ਵੰਡ ਦੌਰਾਨ ਹੋਏ ਉਜਾੜੇ ਦੀ ਹੀ ਦੇਣ ਹੈ। ਪੰਜਾਬ ਦੇ ਸਿਰਮੌਰ ਕਵੀਸ਼ਰ ਕਰਨੈਲ ਸਿੰਘ ਪਾਰਸ ( ਬਲਵੰਤ ਸਿੰਘ ਰਾਮੂਵਾਲੀਆ ਦਾ ਪਿਤਾ ) ਜਦੋਂ ਬਿਮਾਰ ਹੋ ਗਿਆ ਤਾਂ ਉਸ ਸਮੇਂ ਉਹ ਕੈਨੇਡਾ ਵਿਚ ਸੀ। ਉਥੇ ਉਸਦੇ ਪੁੱਤ ਤੇ ਪੋਤੇ ਤੇ ਨੂੰਹਾਂ ਰਹਿੰਦੇ ਨੇ। ਉਸਨੇ ਆਪਣੇ ਪੁੱਤਰਾਂ ਨੂੰ ਬੁਲਾ ਕੇ ਕਿਹਾ ਮੈਨੂੰ ਮੇਰੇ ਪਿੰਡ ਲੈ ਚਲੋ। ਮੈਂ ਉਥੇ ਜਾਕੇ ਹੀ ਆਖਰੀ ਸਾਹ ਲੈਣੇ ਨੇ। ਉਸਨੂੰ ਰਾਮੂਵਾਲ ( ਮੋਗੇ ਨੇੜੇ ) ਲਿਆਂਦਾ ਗਿਆ ਤੇ ਆਖਰੀ ਸਾਹ ਉਸਨੇ ਉਥੇ ਹੀ ਲਏ।ਅਠਾਰਵੀਂ ਸਦੀ ਦੇ ਮੱਧ ਦੀ ਗੱਲ ਹੈ। ਪੱਛਮੀ ਅਫਰੀਕਾ ਦੇ ਗੈਮਬੀਆ ਦੇਸ਼ ਦਾ ਰਹਿਣ ਵਾਲਾ ਅਠਾਰਾਂ ਸਾਲ ਕੁੰਤਾ ਕਿੰਤੇ ਆਪਣੇ ਘਰ ਤੋਂ ਥੋੜੀ ਦੂਰ ਲੱਕੜੀਆਂ ਇਕੱਠੀਆਂ ਕਰ ਰਿਹਾ ਸੀ। ਅਚਾਨਕ ਅਮਰੀਕੀ ਗੋਰੇ ਉਸਤੇ ਇੱਲ ਵਾਂਗ ਆ ਝੱਪਟੇ ਤੇ ਚੁੱਕ ਕੇ ਬੰਦਰਗਾਹ ਦੇ ਨਜਦੀਕ ਘਰ ਵਿਚ ਲੈ ਗਏ। ਉਥੋਂ ਉਸਨੂੰ ਸਮੁੰਦਰੀ ਜਹਾਜ਼ ਚ ਸੁਟਿਆ ਤੇ ਅਮਰੀਕਾ ਲੈ ਆ1ਏ। ਰਾਹ ਚ ਉਸਨੂੰ ਤੇ ਉਸਦੇ ਨਾਲ ਦੇ ਸੈਂਕੜੇ ਕਾਲੇ ਅਫ਼੍ਰੀਕਨਾ ਨੂੰ ਜੋ ਤਸੀਹੇ ਦਿੱਤੇ ਗਏ ਉਹ ਸੁਣਕੇ ਮਨੁੱਖੀ ਮਨ ਕੰਬ ਜਾਂਦਾਂ ਹੈ। ਉਹਨਾਂ ਚ ਬਹੁਤ ਸਾਰੇ ਤਾਂ ਰਸਤੇ ਚ ਹੀ ਮਰ ਗਏ ਤੇ ਸਮੁੰਦਰ ਦੀ ਕੁੱਖ ਚ ਸਮਾ ਗਏ। ਪੁਰਤਗੇਜ਼ੀ, ਡੱਚ, ਫਰਾਂਸੀਸੀ, ਅਮਰੀਕੀ, ਸਪੇਨੀ ਤੇ ਹੋਰ ਕਈ ਦੇਸ਼ ਕਾਲੇ ਲੋਕਾਂ ਨੂੰ ਗੁਲਾਮ ਬਣਾ ਕੇ ਉਨ੍ਹਾਂ ਨੂੰ ਅਗੇ ਵੇਚ ਦਿੰਦੇ ਸੀ। ਅਸਲ ਵਿਚ ਇਹ ਵਪਾਰ ਪੁਰਤਗੇਜ਼ੀਆਂ ਨੇ 16ਵੀ ਸਦੀ ਚ ਸ਼ੁਰੂ ਕੀਤਾ। ਕਾਲਿਆਂ ਦੇ ਸ਼ਿਕਾਰੀ ਗੋਰਿਆਂ, ਜਿਨ੍ਹਾਂ ਨੂੰ ਬਲੈਕ ਹੰਟਰ ਕਿਹਾ ਜਾਂਦਾ ਸੀ, ਨੇ ਅਫਰੀਕਾ ਦੇ ਪਿੰਡਾਂ ਦੇ ਪਿੰਡ ਉਜਾੜ ਦਿੱਤੇ ਤੇ ਉਨ੍ਹਾਂ ਨੂੰ ਕਈ ਸਦੀਆਂ ਗੁਲਾਮ ਬਣਾ ਕੇ ਆਪਣੇ ਦੇਸ਼ਾਂ ਚ ਰੱਖਿਆ। ਗੋਰੇ ਜਿਆਦਾ ਔਰਤਾਂ ਤੇ ਬਚਿਆ ਨੂੰ ਗੁਲਾਮ ਬਣਾ ਕੇ ਲਿਉਂਦੇ ਸੀ। ਉਨ੍ਹਾਂ ਨੂੰ ਅਫ਼੍ਰੀਕੀ ਜੰਗਲਾਂ ਚ ਲੱਕੜਾ ਚੁਕਦਿਆਂ ਨੂੰ ਅਗਵਾ ਕਰ ਲੈਂਦੇ ਸੀ।ਭਾਵੇਂ ਗੁਲਾਮਾਂ ਦਾ ਵਪਾਰ 1808 ਚ ਬੰਦ ਹੋ ਗਿਆ ਸੀ ਪਰ ਅਮਰੀਕਾ ਅੰਦਰ ਇਹ ਵਰਤਾਰਾ 1860 ਤਕ ਜਾਰੀ ਰਿਹਾ। ਫਿਰ ਪੰਜ ਸਾਲ ਸਿਵਲ ਵਾਰ ਹੋਇਆ ਤੇ ਗੁਲਾਮ ਪ੍ਰਥਾ ਤੋਂ ਮੁਕਤੀ ਇਸ ਸਿਵਲ ਵਾਰ ਤੋਂ ਬਾਦ ਮਿਲੀ। ਫਰਾਂਸ ਚ ਇਹ ਪ੍ਰਥਾ 1794 ਚ ਫਰਾਂਸੀਸੀ ਇਨਕਲਾਬ ਤੋਂ ਬਾਦ ਬੰਦ ਕਰ ਦਿਤੀ ਗਈ ਪਰ 1808 ਚ ਇਸ ਨੂੰ ਨੈਪੋਲੀਅਨ ਨੂੰ ਫਿਰ ਸ਼ੁਰੂ ਕਰ ਦਿੱਤਾ। ਇਸਦਾ ਅੰਤ ਫਰਾਂਸ ਵਿਚ 1848 ਚ ਸਰਕਾਰੀ ਤੌਰ ਤੇ ਹੋਇਆ। ਸਦੀਆਂ ਪਹਿਲਾਂ ਉਜਾੜੇ ਕਾਲੇ ਲੋਕ ਆਪਣੀ ਪਹਿਚਾਣ ਤੇ ਪਿਛੋਕੜ ਦੀ ਤਲਾਸ਼ ਲਈ ਕਈ ਦਹਾਕੇ ਜੂਝਦੇ ਰਹੇ। ਅਸੀਂ ਕੌਣ ਹਾਂ ? ਇਹ ਸਵਾਲ ਉਹਨਾਂ ਨੂੰ ਪਰੇਸ਼ਾਨ ਕਰਦਾ ਰਿਹਾ। ਇਕ ਸਮਾਂ ਅਜੇਹਾ ਆਇਆ ਕੇ ਇਸ ਸਵਾਲ ਨੇ ਕਾਲੇ ਮੂਲ ਦੇ ਲੇਖਕ ਐਲੈਕਸ ਹੇਲੀ ਦੇ ਮਨ ਚ ਖੌਰੂ ਪਾਉਣਾ ਸ਼ੁਰੂ ਕਰ ਦਿੱਤਾ। ਤੇ ਉਹ 1960 ਦੇ ਕਰੀਬ ਆਪਣੀਆਂ ਜੜ੍ਹਾਂ ( ਆਪਣੇ ਪਿੰਡਾਂ ) ਦੀ ਤਲਾਸ਼ ਵਿਚ ਅਫਰੀਕਾ ਨੂੰ ਨਿਕਲ ਪਿਆ। ਉਸਨੇ ਆਪਣੀ ਦਾਦੀ ਸੀਨਥਾ ਤੋਂ ਆਪਣੇ ਵੱਢ ਵਡੇਰਿਆਂ ਦੀਆਂ ਕਹਾਣੀਆਂ ਸੁਣੀਆਂ ਸਨ। ਉਹਨਾਂ ਕਹਾਣੀਆਂ ਦੇ ਸਹਾਰੇ ਉਹ ਗੈਮਬੀਆ ਪੁਹੰਚ ਗਿਆ। ਉਸਨੇ ਸਥਾਨਿਕ ਲੋਕਾਂ ਦੇ ਮਦਦ ਨਾਲ ਆਪਣੇ ਵੱਢ ਵਡੇਰੇ ਕੁੰਤੇ ਦਾ ਪਿੰਡ ਜਫੁਰਾ ਲੱਭ ਲਿਆ। ਐਲੈਕਸ ਆਪਣੇ ਵਡਾਰੂ ਕੁੰਤੇ ਦੀ ਛੇਵੀਂ ਪੀੜੀ ( sixth generation ) ਚੋਂ ਸੀ। ਉਥੋਂ ਪਰਤ ਕੇ ਐਲੈਕਸ ਨੇ 10 ਸਾਲ ਲਾਕੇ ਇਕ ਨਾਵਲ ਲਿਖਿਆ ਜੋ 1976 ਚ ਪ੍ਰਕਾਸ਼ਿਤ ਹੋਇਆ। ਉਸ ਨਾਵਲ ਨੇ ਅਮਰੀਕਾ ਹੀ ਨਹੀਂ ਦੁਨੀਆਂ ਦੇ ਕਈ ਦੇਸ਼ਾਂ ਨੂੰ ਹਿਲਾ ਕਾ ਰੱਖ ਦਿੱਤਾ। ਹੁਣ ਅਫਰੀਕਾ ਚ ਅਮਰੀਕਾ ਤੋਂ ਜਾਕੇ ਆਪਣੇ ਪਿੰਡਾਂ ਚ ਕਾਲੇ ਮੂਲ ਦੇ ਲੋਕ ਮੇਲੇ ਲਾਉਂਦੇ ਨੇ। ਥੋੜੀ ਦੇਰ ਪਹਿਲਾਂ ਐਲੈਕਸ ਦੇ ਪੋਤਾ ਤੇ ਪੋਤੀ ਉਥੇ ਜਾ ਕੇ ਆਏ ਨੇ। ਐਲੈਕਸ ਦੀ 1992 ਚ ਮੌਤ ਹੋ ਗਈ। ਜਿਵੇਂ ਲੈਂਡ ਪੂਲਿੰਗ ਨੀਤੀ ਦੇ ਫਾਇਦੇ ਗਿਣਾਉਣ ਵਾਲੇ ਲੁਧਿਆਣੇ ਦੇ ਆਸ ਪਾਸ ਦੇ ਪਿੰਡਾਂ ਚ ਤੁਰੇ ਫਿਰਦੇ ਨੇ ਉਸ ਤਰਾਂ ਅਮਰੀਕਾ ਵਿੱਚ ਵੀ ਅਜਿਹੇ ਬਹੁਤ ਲੋਕ ਹਨ ਜੋ ਗੁਲਾਮ ਵਪਾਰ ਦੇ ਹੱਕ ਚ ਬੋਲਦੇ ਨੇ। ਉਹ ਕਹਿੰਦੇ ਨੇ ਕਾਲੇ ਲੋਕਾਂ ਨੂੰ ਅਫਰੀਕਾ ਦੇ ਜੰਗਲਾਂ ਚ ਕੱਢ ਕੇ ਸੱਭਿਅਕ ਮੁਲਕਾਂ ਚ ਲੈਕੇ ਆਉਣਾ ਉਨ੍ਹਾਂ ਲਈ ਚੰਗਾ ਹੀ ਸਾਬਿਤ ਹੋਇਆ ਹੈ।ਇਸ ਤਰਾਂ ਹੀ ਬਾਹਰੋਂ ਆਕੇ ਅਮਰੀਕਾ ਤੇ ਕਾਬਿਜ ਹੋਏ ਗੋਰੇ ਅਮਰੀਕੀਆਂ ਨੇ ਉਥੋਂ ਦੇ ਮੂਲ ਵਾਸੀਆਂ ਤੇ, ਜਿਨ੍ਹਾਂ ਨੂੰ ਉਹ ਇੰਡੀਅਨ ਕਹਿੰਦੇ ਸੀ, ਤੇ ਕਿੰਨੇ ਜ਼ੁਲਮ ਕੀਤੇ ਉਹ ਅਮਰੀਕੀਆਂ ਦੇ ਮੱਥੇ ਤੇ ਨਾ ਮਿਟਣ ਵਾਲਾ ਕਲੰਕ ਹੈ। ਪੰਜ ਵੱਡੇ ਕਬੀਲੇ -ਚੋਕਟਾ, ਕ੍ਰੀਕਸ, ਚਿਰੋਕੀ, ਸੇਮੀਨੋਲ ਤੇ ਚਿਕਸਵ ਦੱਖਣੀ ਪੂਰਬੀ ਅਮਰੀਕਾ ਦੇ ਅਮੀਰ ਖਿੱਤੇ ਜਿਸ ਚ ਜੋਰਜਿਆ, ਫਲੋਰੀਡਾ, ਮੈਰੀਲੈਂਡ, ਵਿਰਜੀਨੀਆ, ਮਿਸਿਸਿਸੀਪੀ ਆਦਿ ਸ਼ਾਮਿਲ ਸਨ, ਚ ਰਹਿੰਦੇ ਸੀ। ਸਾਲ 1830 ਅਮਰੀਕੀ ਕਾਂਗਰਸ ਨੇ ਕਾਨੂੰਨ -Indian Removal Act -ਪਾਸ ਕਰਕੇ ਉਹਨਾਂ ਨੂੰ 1831 ਤੋਂ 1840 ਤੱਕ ਮਿਸਿਸਿਸੀਪੀ ਨਦੀ ਤੋਂ ਪਾਰ ਬਰਫੀਲੇ ਇਲਾਕੇ ਚ ਛੱਡ ਦਿੱਤਾ। ਇਸ ਇਲਾਕੇ ਨੂੰ ਹੁਣ ਓਕਲਾਹੋਮਾ ਕਹਿੰਦੇ ਨੇ। ਸੋਨੇ ਦੀਆਂ ਖਾਣਾ ਤੇ ਕਬਜਾ ਕਰਨ ਲਈ ਅਮੀਰ ਅਮਰੀਕੀਆਂ ਨੇ ਕਾਨੂੰਨ ਪਾਸ ਕਰਵਾਕੇ ਇਕ ਲੱਖ ਤੋਂ ਵੱਧ ਲੋਕਾਂ ਨੂੰ ਉਹਨਾਂ ਦੇ ਪਿੰਡ ਤੋਂ ਉਜਾੜ ਕੇ ਕਈ ਹਜ਼ਾਰ ਮੀਲ ਦੂਰ ਦਵੱਲ ਦਿਤਾ। ਇਸ ਲਈ ਬਲ ਦਾ ਪ੍ਰਯੋਗ ਕੀਤਾ ਗਿਆ। ਕੁੱਟ ਮਾਰ ਕਰਨ ਲਈ ਫੈਡਰਲ ਫੋਰਸ ਦੀ ਵਰਤੋਂ ਕੀਤੀ ਗਈ। ਕੋਈ 15 ਹਜ਼ਾਰ ਦੇ ਕਰੀਬ ਇੰਡੀਅਨ ਪਰਵਾਸ ਕਰਦੇ ਠੰਡ ਤੇ ਹੋਰ ਕਾਰਨਾਂ ਕਰਕੇ ਮਰ ਗਏ। ਬਾਦ ਚ ਉਹਨਾਂ ਦੀ ਯਾਦ ਚ ਪਾਰਕ " Trail of Tears' ਬਣਾ ਦਿਤੀ ਗਈ। ਤੇ ਇੰਗਲੈਂਡ ਤੇ ਹੋਰ ਦੇਸ਼ਾਂ ਤੋਂ ਪਰਵਾਸ ਕਰਕੇ ਅਮਰੀਕਾ ਚ ਵਸੇ ਗੋਰੇ ਹੁਣ ਆਪਣੇ ਪੁਰਖਿਆਂ ਦੇ ਧਰਤੀ ਤੋਂ ਮਹਿੰਗੇ ਭਾਅ ਤੇ ਮਿਟੀ ਆਪਣੀਆਂ ਕਬਰਾਂ ਤੇ ਪਾਉਣ ਲਈ ਮਰਨ ਤੋਂ ਪਹਿਲਾਂ ਹੀ ਮੰਗਵਾ ਲੈਂਦੇ ਨੇ। ਉਹਨਾਂ ਚ ਆਪਣੀ ਮਿਟੀ ਦਾ ਮੋਹ ਕਈ ਸਦੀਆਂ ਬਾਦ ਵੀ ਬਰਕਰਾਰ ਹੈ। ਜਦੋਂ ਪਿੰਡ ਉਜਾੜਿਆ ਜਾਂਦਾ ਤਾਂ ਉਸਦੇ ਨਾਲ ਹੋਰ ਏਨਾ ਕੁਝ ਹੋਰ ਉੱਜੜ ਜਾਂਦਾ ਕੇ ਉਸਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਬੋਲੀ, ਸੱਭਿਆਚਾਰ ਤੇ ਹੋਰ ਬਹੁਤ ਕੁਝ ਦਾ ਘਾਣ ਹੋ ਜਾਂਦਾ ਹੈ। ਇਸ ਤਰਾਂ ਪੱਛਮੀ ਕੈਕੇਸ਼ੀਆ ਦੇ ਖੋਸਤਾ ਤੇ ਸਾਖੇ ਦਰਿਆ ਦੇ ਆਸ ਪਾਸ ਰਹਿਣ ਵਾਲੇ ਉਭੀਖ ਲੋਕਾਂ ਨਾਲ ਹੋਇਆ। ਉਨਵੀਂ ਸਦੀ ਚ ਉਨ੍ਹਾਂ ਦੀ ਜ਼ਾਰਸ਼ਾਹੀ ਨਾਲ ਲੜਾਈ ਚਲ ਰਹੀ ਸੀ। ਉਹ ਬਹੁਤ ਬਹਾਦਰ ਕੌਮ ਗਿਣੀ ਜਾਂਦੀ ਸੀ ਤੇ ਉਸਨੇ ਜ਼ਾਰ ਅਗੇ ਗੋਡੇ ਟੇਕਣ ਤੋਂ ਨਾਂਹ ਕਰ ਦਿਤੀ। ਜ਼ਾਰ ਨੇ ਅਖੀਰ ਉਨ੍ਹਾਂ ਨੂੰ ਕਹਿ ਦਿੱਤਾ ਕੇ ਉਹ ਜਾਂ ਤਾਂ ਆਪਣੇ ਪਹਾੜ ਛੱਡ ਕੇ ਮੈਦਾਨੀ ਇਲਾਕੇ ਚ ਆਕੇ ਵੱਸ ਜਾਣ ਜਾਂ ਫਿਰ ਤੁਰਕੀ ਨੂੰ ਪਰਿਵਾਸ ਕਰ ਜਾਣ। ਕੁਝ ਜਗੀਰਦਾਰਾਂ ਦੇ ਪ੍ਰਭਾਵ ਥੱਲੇ ਉਭੀਖ ਤੁਰਕੀ ਚਲੇ ਗਏ। ਬਹੁਤ ਸਾਰੇ ਤਾਂ ਰਸਤੇ ਚ ਹੀ ਪਰਿਵਾਸ ਕਰਦੇ ਸਮੇਂ ਮਾਰੇ ਗਏ। ਜਿਹੜੇ ਨੌਜਵਾਨ ਸੀ ਉਹ ਤੁਰਕੀ ਦੇ ਸੁਲਤਾਨ ਨੇ ਧੱਕੇ ਨਾਲ ਫੌਜ ਚ ਭਰਤੀ ਕਰ ਲਏ ਤੇ ਉਹ ਸੁਲਤਾਨ ਦੇ ਖਾਤਰ ਲੜਦੇ ਮਾਰੇ ਗਏ। ਉਹਨਾਂ ਦੀ ਜੋ ਤੁਰਕੀ ਚ ਦੁਰਦਸ਼ਾ ਹੋਈ ਉਸਦੀ ਮਿਸਾਲ ਲੱਭਣੀ ਔਖੀ ਹੈ। ਜਦੋਂ ਰੂਸ ਚ ਇਨਕਲਾਬ ਆਇਆ ਤਾਂ ਬਾਕੀ ਬਚੇ ਉਬੀਖਾਂ ਨੇ ਵਾਪਿਸ ਆਪਣੇ ਦੇਸ਼ ਪਰਤਣਾ ਚਾਹਿਆ। ਤੇ ਉਹ ਵਾਪਸੀ ਸਮੇ ਭੁੱਖ ਤੇ ਹੈਜੇ ਨਾਲ ਮਾਰੇ ਗਏ। ਜਾਗੀਰਦਾਰ ਤੁਰਕੀ ਦੀ ਸਲਤਨਤ ਦੇ ਟੋਡੀ ਬਣ ਗਏ ਤੇ ਆਪਣੇ ਉਭੀਖ ਲੋਕਾਂ ਨੂੰ ਸੁਲਤਾਨ ਦੇ ਲਈ ਲੜਨ ਲਈ ਤਿਆਰ ਕਰਨ ਲਈ ਹਰ ਤਰਾਂ ਦੇ ਹੱਥ ਕੰਡੇ ਵਰਤਦੇ ਰਹੇ। ਇਹ ਮੰਨਿਆ ਜਾਂਦਾ ਹੈ ਕੇ 1992 ਚ ਉਭੀਖ ਬੋਲੀ ਬੋਲਣ ਵਾਲਾ ਆਖਰੀ ਵਿਅਕਤੀ ਮਰ ਗਿਆ। 100 ਸਾਲ ਚ ਇਹ ਬਹਾਦਰ ਕੌਮ ਦੁਨੀਆ ਦੇ ਨਕਸ਼ੇ ਤੋਂ ਅਲੋਪ ਹੋ ਗਈ। ਇਸ ਸੰਬੰਧ ਵਿਚ ਰੂਸੀ ਲੇਖਕ ਬਗਰਾਤ ਸ਼ਿਨਕੁਬਾ ਨੇ "The Last of the Departed " ਬਹੁਤ ਹੀ ਵਧੀਆ ਨਾਵਲ ਲਿਖਿਆ ਹੈ। ਨਾਵਲ ਦੇ ਅੰਤ ਉਹ ਇਸ ਕਥਨ ਨਾਲ ਕਰਦਾ ਹੈ ਕੇ ਜੋ ਆਪਣਾ ਦੇਸ਼ ਗੁਆ ਦਿੰਦਾ ਹੈ, ਉਹ ਸਭ ਕੁਝ ਗੁਆ ਦਿੰਦਾ ਹੈ। ਇਸ ਤੋਂ ਸਪਸ਼ਟ ਹੈ ਕੇ ਜਿਸਤੋਂ ਉਸਦਾ ਪਿੰਡ ਖੋਹ ਲਿਆ ਜਾਂਦਾ ਹੈ ਉਸ ਤੋਂ ਉਸਦਾ ਸਭ ਕੁਝ ਖੋਹ ਲਿਆ ਜਾਂਦਾ ਹੈ।ਚੰਡੀਗੜ੍ਹ ਦੇ ਗੱਲ ਹੀ ਲੈ ਲਵੋ। ਦੁਨੀਆਂ ਦਾ ਸੁੰਦਰ ਸਮਝਿਆ ਜਾਣ ਵਾਲਾ ਇਹ ਸ਼ਹਿਰ ਹਜਾਰਾਂ ਲੋਕਾਂ ਦੇ ਉਜਾੜੇ ਤੇ ਉਸਰਿਆ ਹੋਇਆ। ਇਸ ਦੀਆਂ ਨੀਹਾਂ ਪਤਾ ਨਹੀਂ ਕਿੰਨੀਆਂ ਆਹਾਂ, ਬਦਾਸੀਸਾਂ ਤੇ ਹੰਝੂਆਂ ਤੇ ਟਿਕੀਆਂ ਹੋਈਆਂ ਨੇ। ਮੈਂ ਉਹਨਾਂ ਬਹੁਤ ਸਾਰੇ ਲੋਕਾਂ ਨੂੰ ਮਿਲੀਆਂ ਜਿਨ੍ਹਾਂ ਦੇ ਪਿੰਡਾਂ ਨੂੰ ਉਜਾੜ ਕੇ ਚੰਡੀਗੜ੍ਹ ਵਸਾਇਆ ਗਿਆ ਹੈ। ਇਸ ਨੂੰ ਵਸਾਉਣ ਲਈ 28 ਪਿੰਡਾਂ ਦੇ ਵਜੂਦ ਮਿਟੀ ਚ ਮਿਲਾ ਦਿੱਤਾ ਗਿਆ। ਕੁਝ ਪਿੰਡ ਜਿਵੇ ਡੱਡੂ ਮਾਜਰਾ, ਹਲੋ ਮਾਜਰਾ, ਬੁੜੈਲ, ਬੱਡਹੇੜੀ, ਰਾਏਪੁਰ ਆਦਿ ਮੂਲ ਵਾਸੀਆਂ ਦੇ ਯਤਨਾਂ ਸਦਕਾ ਬਚ ਰਹੇ। ਅੰਗਰੇਜ ਸਿੰਘ ਬੱਡਹੇੜੀ ਨੇ ਇਹਨਾਂ ਪਿੰਡਾਂ ਦੇ ਵਜੂਦ ਨੂੰ ਮਿਟਣ ਤੋਂ ਬਚਾਉਣ ਲਈ ਬੜੀ ਜਦੋ ਜਹਿਦ ਕੀਤੀ। 1971 ਚ ਉਹ ਉਸ ਸਮੇਂ ਦੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਮਿਲੇ। ਪ੍ਰਧਾਨ ਮੰਤਰੀ ਨੇ ਚੰਡੀਗੜ੍ਹ ਆਕੇ ਐਲਾਨ ਕੀਤਾ ਕੇ ਅੱਜ ਤੋਂ ਬਾਦ ਹੋਰ ਕੋਈ ਪਿੰਡ ਨਹੀਂ ਢਾਹਿਆ ਜਾਵੇਗਾ। ਸਿਰਫ ਜਮੀਨ ਹੀ ਐਕੁਆਇਰ ਕੀਤੀ ਜਾਵੇਗੀ। ਚੰਡੀਗੜ੍ਹ ਵਸਾਉਣ ਲਈ ਉਜਾੜੇ ਗਏ ਪਿੰਡਾਂ ਚ ਕੁਝ ਰਾਜਸਥਾਨ, ਕੁਝ ਉੱਤਰ ਪ੍ਰਦੇਸ਼ ਤੇ ਕੁਝ ਪੰਜਾਬ ਦੇ ਅੱਲਗ ਪਿੰਡਾਂ ਚ ਜਾ ਵਸੇ ਨੇ।ਚੰਡੀਗੜ੍ਹ ਵਸਾਉਣ ਲਈ ਢਾਹੇ ਗਏ ਪਿੰਡਾਂ ਦੀ ਮਾਂ ਬੋਲੀ ਗੂੜੀ ਪੁਆਧੀ ਸੀ ਪਰ ਹੁਣ ਉਹਨਾਂ ਦੇ ਬੱਚੇ ਆਪਣੀ ਮਾਂ ਬੋਲੀ ਤੋਂ ਟੁੱਟ ਗਏ ਨੇ। ਜਿਹੜੇ ਪਿੰਡ ਚ ਹੁਣ ਵੱਸੇ ਨੇ ਉਥੇ ਉਹ ਅਜੇ ਵੀ ÷ਬਾਹਰਲੇ÷ ਵੱਜਦੇ ਨੇ। ਇਕ ਦਿਨ ਮੈਨੂੰ ਉਮਰ ਦੇ 90 ਸਾਲਾਂ ਨੂੰ ਢੁਕਿਆ ਡਾਕਟਰ ਸ਼ੇਰ ਸਿੰਘ ਚੰਡੀਗੜ੍ਹ ਦੀ ਸੁਖਨਾ ਲੇਕ ਤੇ ਲੈ ਗਿਆ। ਉਥੇ ਜਾਕੇ ਉਹ ਉੱਚੀ ਰੋਣ ਲੱਗ ਪਿਆ। ਨਾਲ ਲੱਗਦੇ ਲੇਕ ਕਲੱਬ ਵੱਲ ਉਂਗਲ ਕਰਕੇ ਕਹਿਣ ਲੱਗਿਆ ਇਥੇ ਸਾਡੀ ਜਮੀਨ ਸੀ। ਆਹ ਜਿਹਨੂੰ ਲੋਕ ਹੁਣ ਸੁਖਨਾ ਲੇਕ( ਝੀਲ ) ਕਹਿੰਦੇ ਨੇ ਇਹ ਛੱਪੜ ਸੀ। ਇਹ ਸੁਖਨਾ ਚੋਅ ਦੇ ਪਾਣੀ ਨਾਲ ਭਰਕੇ ਉਛਲਦਾ ਸੀ ਤੇ ਪਾਣੀ ਬਰਸਾਤੀ ਨਾਲੇ ਰਾਹੀਂ ਅਗੇ ਨਿਕਲ ਜਾਂਦਾ ਸੀ। ਜਿਥੇ ਅੱਜ ਕੱਲ ਪੰਜਾਬ ਰਾਜ ਭਵਨ ( ਗਵਰਨਰ ਦਾ ਰੈਣ ਬਸੇਰਾ ) ਉਥੇ ਡਾਕਟਰ ਸ਼ੇਰ ਸਿੰਘ ਦੇ ਪਿੰਡ ਭੰਗੀ ਮਾਜਰਾ ਉਰਫ ਰਾਮਨਗਰ ਸੀ। ਜਿਥੇ 17 ਸੈਕਟਰ ਦਾ ਬੱਸ ਅੱਡਾ ਹੈ ਉਥੇ ਰੁੜਕੀ ਪੜਾਓ ਵਾਲੀ ਸੀ ਜਿਥੇ ਰਾਹੀਂ ਰੁਕੇ ਕੇ ਖੂਹਾਂ ਦੇ ਪਾਣੀ ਪੀਂਦੇ ਸੀ। ਸੈਕਟਰ 17 ਵਾਲੇ ਇਲਾਕੇ ਚ ਕੋਈ 15 ਦੇ ਕਰੀਬ ਖੂਹ ਸੀ। ਅਜਮੇਰ ਸਿੰਘ ਜੋ 102 ਸਾਲ ਦੇ ਉਮਰ ਚ ਇਸ ਸੰਸਾਰ ਤੋਂ ਕੁਝ ਸਾਲ ਪਹਿਲਾਂ ਵਿਦਾ ਹੋਇਆ ਦਾ ਪਿੰਡ ਕਾਲੀਬਾਰ ਸੈਕਟਰ 8 ਦੇ ਗੁਰਦਵਾਰੇ ਕੋਲ ਸੀ। ਪੀ ਜੀ ਆਈ ਖੁੱਡਾ ਜੱਸੂ ਤੇ ਪੰਜਾਬ ਯੂਨੀਵਰਸਿਟੀ ਕਾਂਜੀ ਮਾਜਰਾ ਤੇ ਧਨਾਸ ਦੇ ਜਮੀਨ ਚ ਬਣੀ ਹੈ। ਅਜੇ ਕੁਝ ਉਹਨਾਂ ਪਿੰਡਾਂ ਦੇ ਮੂਲ ਵਾਸੀ ਜਿਓਂਦੇ ਨੇ ਜਿਨ੍ਹਾਂ ਦੇ ਪਿੰਡਾਂ ਨੂੰ ਖਤਮ ਕਰਕੇ ਚੰਡੀਗੜ੍ਹ ਵਸਾਇਆ ਗਿਆ। ਉਹ ਆਪਣੇ ਪਿੰਡਾਂ ਨੂੰ ਯਾਦ ਕਰਕੇ ਧਾਹਾਂ ਮਾਰਕੇ ਰੋਂਦੇ ਨੇ। ਕਿਹਾ ਜਾਂਦਾ ਹੈ ਕੇ ਸ਼ਹਿਰਾਂ ਦੀ ਆਪਣੀ ਕੋਈ ਰੂਹ ਨਹੀਂ ਹੁੰਦੀ। ਪਿੰਡਾਂ ਦੀ ਹੁੰਦੀ ਹੈ। ਪਿੰਡ ਦੀ ਉਸਾਰੀ ਸ਼ਾਝੇ ਖ਼ੂਨ ਚੋ ਹੋਈ ਹੁੰਦੀ ਹੈ। ਸਮਾਜ ਵਿਗਿਆਨੀ ਕਹਿੰਦੇ ਨੇ ਕੇ ' Root Shock "( ਉਜਾੜੇ ਦਾ ਸਦਮਾ ) ਸੱਭ ਤੋਂ ਖ਼ਤਰਨਾਖ ਹੁੰਦਾ ਹੈ। ਇਸ ਸਦਮੇ ਚ ਉਭਰਨ ਲਈ ਦਹਾਕੇ ਲੱਗ ਜਾਂਦੇ ਨੇ। ਜਿਹੜੀ ਪੀੜੀ ਨੂੰ ਇਹ ਸਦਮਾ ਲੱਗਦਾ ਹੈ ਉਸਨੂੰ ਤਾਂ ਇਸਤੋਂ ਬਾਹਰ ਨਿਕਲਣਾ ਨਾ ਮੁਮਕਿਨ ਹੁੰਦਾ ਹੈ। ਕੀ ਕਿਸੇ ਸਮੇਂ ( ਅੱਜ ਤੋਂ 50/ 100 ਸਾਲ ਬਾਦ ) ਉਸ ਸਵਾਲ ਦਾ ਸਾਹਮਣਾ ਸਾਡੇ ਲੋਕਾਂ ਨੂੰ ਵੀ ਕਰਨਾ ਪਵੇਗਾ ਜਿਸਦਾ ਐਲੈਕਸ ਹੇਲੀ ਨੂੰ ਆਪਣੀਆਂ ਛੇ ਪੁਸ਼ਤਾਂ ਬਾਦ 1960 ਚ ਕਰਨਾ ਪਿਆ ਸੀ। ਮੈਨੂੰ ਲੱਗਦਾ ਹੈ ਕੇ ਹਰ ਹਾਲਤ ਚ ਕਰਨਾ ਪਊ। ਸ਼ਾਇਦ ਉਹਨਾਂ ਨੂੰ ਹੁਣੇ ਕਰਨਾ ਪੈ ਰਿਹਾ ਹੋਵੇ ਜਿਨ੍ਹਾਂ ਦੇ ਬੁਜਰਗ ਪਿਛਲੀ ਸਦੀ ਦੇ ਸ਼ੁਰੂ ਚ ਹੀ ਅਮਰੀਕਾ, ਕੈਨਡਾ, ਸਿੰਗਾਪੁਰ, ਮਲਾਇਆ ਵਰਗੇ ਦੇਸ਼ਾਂ ਨੂੰ ਤੁਰ ਗਏ ਸਨ। ਗੁਰਦਾਸ ਮਾਨ ਨੂੰ ਆਪਣੇ ਪਿੰਡ ਦੀ ਯਾਦ ਸਤਾਉਂਦੀ ਹੈ। ਇਸ ਲਈ ਉਸ ਨੇ ਲਿਖਿਆ ਹੈ ਮੁੜ ਮੁੜ ਯਾਦ ਸਤਾਏ ਪਿੰਡ ਦੀ ਗਲੀਆਂ ਦੀ। ਅੱਜ ਤੋਂ ਕੁੱਝ ਪੀੜੀਆਂ ਬਾਦ ਇਹ ਯਾਦ ਉਹਨਾਂ ਨੂੰ ਵੀ ਸਤਾਉ ਜੋ ਪੰਜਾਬ ਛੱਡ ਕੇ ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਇਟਲੀ ਤੇ ਹੋਰ ਮੁਲਕਾਂ ਜਾ ਵਸੇ ਨੇ। ਤੇ ਉਹਨਾਂ ਨੂੰ ਵੀ ਜੋ ਪੰਜਾਬ ਛੱਡ ਕੇ ਰਾਜਸਥਾਨ, ਗੁਜਰਾਤ, ਉੱਤਰ ਪ੍ਰਦੇਸ਼, ਉਤਰਾਖੰਡ ਤੇ ਹੋਰ ਰਾਜਾਂ ਚ ਮਜਬੂਰੀ ਵੱਸ ਜਾਂ ਸਮੇਂ ਸਮੇਂ ਦੀਆਂ ਸਰਕਾਰਾਂ ਦੀ ਸ਼ਹਿਰ ਵਸਾਉਣ ਦੀ ਜਿੱਦ ਕਰਕੇ ਉੱਜੜ ਕੇ ਗਏ ਨੇ। ਗੁਰਦਾਸ ਮਾਨ ਇੱਕਲਾ ਹੀ ਨਹੀਂ ਜਿਸਨੇ ਅਜੇਹਾ ਗੀਤ ਲਿਖਿਆ ਹੈ।

**ਸਾਬ ਪੰਜਗੋਟੇ ਦਾ ਗੀਤ**
**ਇਕ ਵਾਰੀ ਤਾਂ ਮਨਾ ਪਿੰਡ ਹੋ ਆਈਏ ਓ,**
**ਆਪਣਿਆਂ ਤੋਂ ਵਿਛੜੇ ਨਾ ਮਰ ਜਾਈਏ ਓ ,**
**ਦਿਲ ਦੀ ਪੰਜਗੋਟੇ ਵਾਲਾ ਸਾਫ ਕਹੇ ,**
**ਮੇਰਾ ਤਨ ਰਹਿੰਦਾ ਪ੍ਰਦੇਸੀ ਰੂਹ ਪੰਜਾਬ ਰਹੇ**

**ਧਰਮਵੀਰ ਥਾਂਦੀ ਦਾ ਗੀਤ : ਖੇਤੀ ਖੂਹਾਂ ਤੇ ਜਾਕੇ ਮੌਣਾ ਕੋਲ ਰੋ ਕੇ ਆਇਆਂ ,**
**ਖਾਲੀ ਖੜੇ ਮੰਜਿਆਂ ਦੀਆਂ ਦੌਣਾ ਕੋਲ ਰੋ ਕੇ ਆਇਆਂ ,**
**ਨੂੰ ਸੁਣ ਕੇ ਰੂਹ ਅੰਬਰਾਂ ਤਕ ਰੋਣ ਲਗ ਜਾਂਦੀ ਹੈ।**

## ਚੈਸਟਰਮੀਅਰ ਦੇ ਬਜ਼ੁਰਗਾਂ ਨੇ ਦੋ ਬੱਸਾਂ ਰਾਹੀ ਪਹਾੜੀ ਵਾਦੀਆਂ ਦਾ ਆਨੰਦ ਮਾਣਿਆ



ਚੈਸਟਰਮੀਅਰ (ਪੰਜਾਬੀ ਅਖ਼ਬਾਰ ਬਿਊਰੋ)- ਬੀਤੇ ਦਿਨੀ ਹਰ ਸਾਲ ਦੀ ਤਰਾਂ ਚੈਸਟਰਮੀਅਰ ਸਥਿੱਤ ਬਜੁਰਗਾਂ ਦੀ ਸੰਸਥਾ ਚੈਸਟਰਮੀਅਰ ਸੀਨੀਅਰ ਸਰਵਿਸ ਦੇ ਸਹਿਯੋਗ ਨਾਲ ਕਿਰਨ ਰੰਧਾਵਾ ਦੀ ਅਗਵਾਈ ਹੇਠ ਪਹਾੜਾ ਦੀਆਂ ਵਾਦੀਆਂ ਵਿੱਚ ਜਾਕੇ ਆਨੰਦ ਮਾਨਣ ਲਈ ਇੱਕ ਪਰੋਗਰਾਮ ਉਲੀਕਿਆ ਗਿਆ। ਬਜੁਰਗ ਮਰਦ ਔਰਤਾਂ ਦੋ ਬੱਸਾਂ ਵਿੱਚ ਸਵਾਰ ਹੋਕੇ ਗਏ ਅਤੇ ਪੂਰਾ ਦਿਨ ਕੁਦਰਤੀ ਨਜ਼ਾਰਿਆਂ ਦਾ ਆਨਮਦ ਮਾਣਦੇ ਰਹੇ। ਇਸ ਇੱਕ ਦਿਨਾਂ ਟਰਿੱਪ ਵਾਰੇ ਗੱਲ ਕਰਦਿਆਂ ਚੈਸਟਰਮੀਅਰ ਸਿਟੀ ਕੌਂਸਲਰ ਕਿਰਨ ਰੰਧਾਵਾ ਨੇ ਪੰਜਾਬੀ ਅਖ਼ਬਾਰ ਨੂੰ ਦੱਸਿਆ ਕਿ ਅਜਿਹੇ ਕਾਰਜਾਂ ਲਈ ਟੈਕਸ ਪੇਅਰਜ਼ ਦਾ ਕੋਈ ਪੈਸਾ ਨਹੀਂ ਖਰਚਿਆ ਜਾਂਦਾ ਸਗੋਂ ਇਹ ਨਾਨ ਪਰੌਫਟੇਬਅਲ ਸੰਸਥਾ ਹੈ।

## ਯਾਦ ਰੀਐਲਿਟੀ ਵਾਲਿਆਂ ਨੇ ਕੈਲਗਰੀ ਵਿੱਚ ਆਪਣਾ ਮੁੱਖ ਦਫਤਰ ਖੋਲਿਆ




ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਬੀਤੇ ਦਿਨੀ ਕੈਲਗਰੀ ਵਿਖੇ ਰੀਅਲ ਅਸਟੇਟ ਦੇ ਖੇਤਰ ਵਿੱਚ ਸਥਾਪਿਤ ਨਾਂ ਐਂਡੀ ਭੱਲਾ ਅਤੇ ਅੰਮ੍ਰਿਤ ਬੇਦੀ ਨੇ ਕੋਲਡਵੈੱਲ ਬੈਂਕਰ ਦੇ ਸਹਿਯੋਗ ਨਾਲ ਹੁਣ ਆਪਣਾ ਮੁੱਖ ਦਫਤਰ ਖੋਲਿਆ ਹੈ। ਉਦਘਾਟਨੀ ਸਮਾਰੋਹ ਦੌਰਾਨ ਰਿਬਨ ਕੱਟਣ ਦੀ ਰਸਮ ਮੌਕੇ ਕੈਲਗਰੀ ਪੰਜਾਬੀ ਮੂਲ ਦੇ ਤਿੰਨੇ ਮੈਂਬਰ ਮੈਨਬਰ ਪਾਰਲੀਮੈਂਟ ਜਸਰਾਜ ਹੱਲਣਮਅਮਨਪ੍ਰੀਤ ਗਿੱਲ ਅਤੇ ਦਲਵਿੰਦਰ ਗਿੱਲ ਤੋਂ ਇਲਾਵਾ ਵਾਰਡ ਪੰਜ ਤੋਂ ਸਿਟੀ ਕੌਂਸਲਰ ਰਾਜ ਧਾਲੀਵਾਲ ਵੀ ਹਾਜਿਰ ਸਨ। ਇਸ ਮੌਕੇ ਰੀਅਲਅਸਟੇਟ ਭਾਈਚਾਰੇ ਨਾਲ ਸਬੰਧਿਤ ਲੋਕ ਵੀ ਵੱਡੀ ਗਿਣਤੀ ਵਿੱਚ ਇਸ ਸਮਾਗਮ ਵਿੱਚ ਪੁੱਜੇ ਹੋਏ ਸਨ। ਪੰਜਾਬੀ ਅਖ਼ਬਾਰ ਨਾਲ ਗੱਲ ਕਰਦਿਆਂ ਇਸ ਮੌਕੇ ਐਂਡੀ ਭੱਲਾ ਨੇ ਦੱਸਿਆ ਕਿ ਉਹਨਾਂ ਦੇ ਸਵ: ਪਿਤਾ ਜੀ ਸ: ਯਾਦਵਿੰਦਰ ਸਿੰਘ ਭੱਲਾ ਦਾ ਇਹ ਸੁਪਨਾ ਸੀ ਕਿ ਉਹਨਾਂ ਦਾ ਆਪਣਾ ਇੱਕ ਵਪਾਰਿਕ ਅਦਾਰਾ ਹੋਵੇ ਜੋ ਆਮ ਲੋਕਾਂ ਨਾਲ ਜੁੜਿਆ ਲੋਕ ਸੇਵਾ ਨੂੰ ਸਮਰਪਿਤ ਹੋਵੇ। ਅੱਜ ਭਾਵੇਂ ਉਹਨਾਂ ਦੇ ਪਿਤਾ ਜੀ ਇਸ ਦੁਨੀਆਂ ਵਿੱਚ ਨਹੀਂ ਹਨ ਪਰ ਉਹਨਾਂ ਦਾ ਸੁਪਨਾ ਪੂਰਾ ਹੋਇਆ ਦੇਖ ਭੱਲਾ ਪਰਿਵਾਰ ਨੂੰ ਸੰਤੁਸਟੀ ਮਹਿਸੂਸ ਹੋਈ ਹੈ,ਇਸੇ ਲਈ ਇਸ ਬਿਜਨਿਸ ਦਾ ਨਾਂ ਵੀ ਉਹਨਾਂ ਨੇ ਆਪਣੇ ਸਵ: ਪਿਤਾ ਜੀ ਦੇ ਨਾਂ ਉੱਪਰ ਰੱਖਕੇ ਉਹਨਾਂ ਨੂੰ ਹੀ ਸਮਰਪਿਤ ਕਤਿਾ ਹੈ। ਐਂਡੀ ਭੱਲਾ ਨੇ ਦੱਸਿਆ ਕਿ ਇਸ ਵੇਲੇ ਉਹਨਾਂ ਕੋਲ ਰੀਐਲਟਰਾਂ ਦੀ ਵੱਡੀ ਟੀਮ ਹੈ ਜੋ ਭਾਈਚਾਰੇ ਦੀ ਸੇਵਾ ਵਿੱਚ ਘਰ/ਜਾਇਦਾਦ ਖਰੀਦਣ ਵੇਚਣ ਲਈ ਹਰ ਵੇਲੇ ਤਿਆਰ ਬਰਤਿਆਰ ਰਹਿੰਦੀ ਹੈ।









# ਤੇ ਮਨਿੰਦਰ ਚਾਨੇ ਕੈਲੀਗ੍ਰਾਫਰ ਬਣ ਗਈ

**ਜਗਦੇਵ ਸਿੱਧੂ**

ਜੁਲਾਈ, 2025, ਕੈਨੇਡਾ ਦੀ ਮਹਾਂਨਗਰੀ ਕੈਲਗਰੀ। ਕਹਿਣ ਨੂੰ ਧਰਤੀ ਤੇ ਸਭ ਤੋਂ ਵੱਡਾ ਮੇਲਾ- ਤਿਉਹਾਰ ਸਟੈਂਪੀਡ (Stampede)। ਸਟੈਂਪੀਡ ਪਾਰਕ ਵਿੱਚਲਾ ਬੀ.ਐਮ.ਉ. ਸੈਂਟਰ (B. M. O. Centre)। ਇਸ ਸੈਂਟਰ ਦੇ ਆਰਟਸ ਸੈਕਸ਼ਨ ਵਿੱਚ ਦ ਬੋਅ ਵੈਲੀ ਕੈਲੀਗ੍ਰਾਫੀ ਗਿਲਡ ਦਾ ਵਿਲੱਖਣ ਸਟਾਲ। ਗਿਲਡ ਦੀਆਂ ਕਲਾਕਾਰ ਮੈਂਬਰ ਹਰੇਕ ਨੂੰ ਉਸ ਦੇ ਨਾਮ ਦਾ ਮਨ-ਪਸੰਦ ਡੀਜ਼ਾਈਨ ਵਿੱਚ ਬੁੱਕਮਾਰਕ ਬਣਾ ਕੇ ਦੇ ਰਹੀਆਂ ਹਨ। ਇਨ੍ਹਾਂ ਵਿੱਚ ਡੋਨਾ ਅੰਕਲਜ਼ ਤੇ ਸੂਸਨ ਕੀਅਜ਼ ਹਨ, ਤੇ ਇੱਕ ਮੁਟਿਆਰ ਕਲਾਕਾਰ ਸਿਰ ਤੇ ਕਾਊਬੁਆਏ ਹੈਟ ਪਾਈ ਕੈਲੀਗ੍ਰਾਫੀ ਕਰਨ ਵਿੱਚ ਮਗਨ ਬੈਠੀ ਹੈ। ਇਹ ਹੈ ਸਾਡੇ ਪੰਜਾਬ ਦੀ ਧੀ, ਸਾਡੀ ਸ਼ਾਨ, ਮਾਣ-ਮੱਤੀ ਮਨਿੰਦਰ ਚਾਨੇ। ਦੇਖ ਕੇ ਹੈਰਾਨੀ ਵੀ ਹੁੰਦੀ ਹੈ, ਖ਼ੁਸ਼ੀ ਵੀ, ਤੇ ਮਾਣ ਵੀ।ਮਨਿੰਦਰ 2003 ਵਿੱਚ ਕੈਨੇਡਾ ਆਈ। ਉਸ ਨੂੰ ਬਚਪਨ ਤੋਂ ਹੀ ਚਿਤਰਕਾਰੀ ਦਾ ਸ਼ੌਕ ਸੀ ਪਰ 2017 ਵਿੱਚ ਉਸ ਦੇ ਪਿਤਾ ਜੀ ਦੇ ਅਸਹਿ ਸਦੀਵੀ ਵਿਛੋੜੇ ਦਾ ਸੰਤਾਪ ਭੋਗਣਾ ਪਿਆ। ਉਸ ਵਿੱਚੋਂ ਉਭਰਨ ਲਈ ਆਪਣੇ ਮਨ ਨੂੰ ਧਰਵਾਸ ਦੇਣ ਵਾਲੇ ਵਾਕ ਲਿਖਣ ਲੱਗੀ। ਕਈ ਵਾਰ Pinterest website ਤੇ ਹੋਰਨਾਂ ਲੋਕਾਂ ਵਲੋਂ ਆਪਣੇ ਤੋਂ ਵਿਛੜੇ ਪਿਆਰਿਆਂ ਦੀ ਯਾਦ ਵਿੱਚ ਲਿਖੇ ਵਾਕਾਂ ਨੂੰ ਪੜ੍ਹਦੀ। ਅਕਸਰ ਇਹ ਵਾਕ ਉਸ ਨੂੰ ਖ਼ੂਬਸੂਰਤ ਢੰਗ ਨਾਲ਼ ਲਿਖੇ ਜਾਪਦੇ। ਹੌਲ਼ੀ ਹੌਲ਼ੀ ਵਾਕਾਂ ਨੂੰ ਸੁੰਦਰ ਢੰਗ ਨਾਲ ਲਿਖਣ ਦਾ ਤਰੀਕਾ ਉਸਦੇ ਮਨ ਨੂੰ ਮੋਹਣ ਲੱਗਾ ਅਤੇ ਖੁਦ ਵੀ ਇਸ ਢੰਗ ਨੂੰ ਸਿੱਖਣ ਦੀ ਚਾਹਵਾਨ ਹੋਣ ਲੱਗੀ। ਉਸ ਨੂੰ ਨਹੀਂ ਸੀ ਪਤਾ ਕਿ ਇਸ ਸੁੰਦਰ ਕਲਾ ਨੂੰ ਕੈਲੀਗਰਾਫੀ ਕਿਹਾ ਜਾਂਦਾ ਹੈ। ਉਹ ਤਾਂ ਬਸ ਆਪਣੀਆਂ ਸੋਚਾਂ, ਆਪਣੀ ਪ੍ਰਤਿਭਾ ਆਪਣੇ ਹੁਨਰ ਨੂੰ ਪੂਰਨ ਤੌਰ ਤੇ ਬਾਬਲ ਦੀ ਯਾਦ ਵਿੱਚ ਡੁਬੋ ਕੇ ``MISS YOU DAD`` ਦੇ ਅੱਖਰਾਂ ਨੂੰ ਕਈ ਤਰ੍ਹਾਂ ਦੀਆਂ ਸ਼ਕਲਾਂ ਦੇ ਕੇ ਲਿਖਣ ਦੀ ਕਲਮ-ਅਜ਼ਮਾਈ ਕਰਨ ਲਗ ਪਈ॥ ਸ਼ਾਇਦ ਉਹ ਇਸ ਤਰ੍ਹਾਂ ਹੀ ਆਪਣੇ ਆਪ ਨੂੰ ਪਿਤਾ ਜੀ ਦੇ ਨੇੜੇ ਰਖਦੀ ਰਹੀ। ਫਿਰ ਉਹ YouTube , Pinterest ਅਤੇ Instagram ਤੇ ਅਕਸਰ ਅੱਖਰਾਂ ਨੂੰ ਨਿਵੇਕਲੇ ਢੰਗ ਨਾਲ ਲਿਖਣ ਦੇ ਤਰੀਕੇ ਲੱਭਣ ਲੱਗੀ। ਅੰਗਰੇਜ਼ੀ ਵਿੱਚ ਤਾਂ ਅੱਖਰਾਂ ਨੂੰ ਲਿਖਣ ਦੇ ਨਿਵੇਕਲੇ ਢੰਗ ਲੱਭ ਜਾਂਦੇ ਪਰ ਗੁਰਮੁਖੀ ਵਿੱਚ ਨਹੀਂ। ਉਹ ਦੱਸਦੀ ਹੈ ਕਿ ਫੇਰ ਉਸਨੇ ਲਗਾਤਾਰ ਸੌ ਦਿਨ ਸੌ ਸ਼ਬਦ ਸੌ ਨਵੇਂ ਤਰੀਕਿਆਂ ਨਾਲ ਗੁਰਮੁਖੀ ਲਿਖਣ ਦੀ ਚੁਣੌਤੀ ਲਈ। ਉਹ ਅੱਖਰਾਂ ਦੀ ਬਣਤਰ ਤਾਂ ਸੰਵਾਰਦੀ ਰਹੀ ਪਰ ਉਸ ਨੂੰ ਕੈਲੀਗ੍ਰਾਫੀ ਅਤੇ ਸੁੰਦਰ ਲਿਖਾਈ ਵਿੱਚ ਅੰਤਰ ਦਾ ਬਹੁਤਾ ਪਤਾ ਨਹੀਂ ਸੀ। ਜਿੱਥੋਂ ਕਿਤੋਂ ਵੀ ਇਸ ਕਲਾ ਬਾਰੇ ਕੋਈ ਗਿਆਨ ਮਿਲਿਆ, ਉਹ ਪ੍ਰਾਪਤ ਕਰਦੀ ਗਈ।ਕੈਲੀਗ੍ਰਾਫੀ ਦੀ ਕਲਾ ਖਾਸ ਕਰ ਕੇ ਪੰਜਾਬੀ ਵਿੱਚ ਨਾਂ-ਮਾਤਰ ਹੀ ਪ੍ਰਚਲਤ ਹੈ, ਸੋ ਬਾਕਾਇਦਾ ਤੌਰ 'ਤੇ ਸਿਖਲਾਈ ਲੈਣ ਦਾ ਕੋਈ ਸਾਧਨ ਜਾਂ ਵਸੀਲਾ ਉਪਲਭਦ ਨਹੀਂ ਹੈ। ਉਸ ਨਾਲ਼ ਹੋਈ ਲੰਮੀ ਗੱਲ-ਬਾਤ ਸਮੇਂ ਉਸ ਨੇ ਦੱਸਿਆ ਕਿ ਪੰਜਾਬੀ ਵਿੱਚ ਉਸ ਨੂੰ ਇਸ ਕਲਾ ਦਾ ਕੋਈ ਵੀ ਮਾਹਿਰ ਨਹੀਂ ਮਿਲਿਆ। ਪਰ ਉਸ ਨੂੰ ਤਾਂ ਇਹ ਅਵੱਲਾ ਸ਼ੌਕ ਅਲ਼ੇਹੇ ਵਾਂਗ ਚਿੰਬੜ ਗਿਆ। ਪ੍ਰਤਿਭਾਵਾਨ ਤਾਂ ਉਹ ਹੈ ਹੀ ਸੀ, ਸੋ ਆਪਣੀ ਸੂਝ-ਬੂਝ ਨਾਲ਼ ਅੱਖਰਾਂ ਦੀ ਬਣਤਰ ਦੀ ਖੇਡ ਖੇਡਦੀ ਰਹੀ। ਉਸ ਨੂੰ ਜਦੋਂ ਵੀ ਵਿਹਲ ਮਿਲਦੀ, ਆਪਣਾ ਸਮਾਂ ਇਸ ਕਲਾ ਨੂੰ ਸਮਰਪਿਤ ਕਰਦੀ ਰਹੀ। ਕੁਦਰਤ ਨੇ ਉਸਨੂੰ ਸਿਰਜਕ ਮਨ (Creative Mind) ਤਾਂ ਬਖ਼ਸ਼ਿਆ ਹੀ ਹੈ। ਕੈਲੀਗ੍ਰਾਫੀ ਦੀ ਕਲਾ ਨੂੰ ਸਮਝ ਕੇ ਅੱਖਰ ਉਲੀਕਣ ਦੀ ਉਸ ਦੀ ਪਹਿਲੀ ਕੋਸ਼ਿਸ਼ 2022 ਵਿੱਚ ਹੋਈ। ਉਸ ਨੂੰ ਇਸ ਕਲਾ ਦੀ ਪ੍ਰੇਰਨਾ ਕਿੱਥੋਂ ਮਿਲੀ, ਇਸ ਦੇ ਜਵਾਬ ਵਿੱਚ ਉਸ ਨੇ ਕਿਹਾ ਕਿ ਬਾਹਰੋਂ ਕਿਤੋਂ ਨਹੀਂ, ਸਗੋਂ ਅੰਦਰੂਨੀ ਸ਼ੌਕ ਸਦਕਾ ਹੀ ਕਲਾ ਪੁੰਗਰੀ ਜੋ ਜਨੂੰਨ ਬਣ ਕੇ ਵਿਕਸਿਤ ਹੁੰਦੀ ਗਈ। ਇਕ ਸਾਲ ਪਹਿਲਾਂ ਉਸ ਨੇ ਅੰਗ੍ਰੇਜ਼ੀ ਅੱਖਰਾਂ ਵਿੱਚ ਵੀ ਹੱਥ-ਅਜ਼ਮਾਈ ਸ਼ੁਰੂ ਕੀਤੀ। ਇਸ ਕਲਾ ਬਾਰੇ ਉਹ ਆਪਣੀ ਸੂਝ ਮੁਤਾਬਕ ਦੱਸਦੀ ਹੈ ਕਿ ਕੈਲੀਗ੍ਰਾਫੀ ਅੱਖਰਾਂ ਦੇ ਆਕਾਰ ਦੇ ਨਾਲ਼-ਨਾਲ਼ ਮੋਟੀਆਂ-ਪਤਲੀਆਂ ਲੀਕਾਂ (Lines) ਦੇ ਅਨੁਪਾਤ ਦਾ ਸੁੰਦਰ ਸੁਮੇਲ ਹੈ। ਉਹ ਕੈਲੀਗ੍ਰਾਫੀ ਕਿਸ ਮੰਤਵ ਲਈ ਕਰਦੀ ਹੈ, ਇਸ ਬਾਰੇ ਉਸ ਦਾ ਕਹਿਣਾ ਹੈ ਕਿ ਮਨ ਦੇ ਸਕੂਨ ਲਈ ਕਰਦੀ ਹੈ। ਇਸ ਤੋਂ ਇਲਾਵਾ ਅਜਿਹਾ ਕਰ ਕੇ ਮਜ਼ਾ ਵੀ ਆਉਂਦਾ ਹੈ। ਜੇ ਇਹ ਕਲਾ ਕਿਸੇ ਕਾਵਿ-ਰੂਪ ਸਤਰਾਂ ਲਈ ਵਰਤੀ ਜਾਵੇ ਤਾਂ ਹੋਰ ਵੀ ਮਜ਼ਾ ਆਉਂਦਾ ਹੈ। ਸ਼ਾਇਦ ਇਹੋ ਕਾਰਨ ਹੈ ਕਿ ਮਨਿੰਦਰ ਨੇ ਆਪਣੇ ਪਿਤਾ ਜੀ ਬਾਰੇ ਕਾਵਿ-ਨੁਮਾ ਸਤਰਾਂ ਨੂੰ ਕੈਲੀਗ੍ਰਾਫੀ ਵਿੱਚ ਢਾਲ਼ਿਆ ਹੈ। ਮਨਿੰਦਰ ਨੇ ਗੁਰਮੁਖੀ ਕੈਲੀਗ੍ਰਾਫੀ ਕਰਦਿਆਂ ਇਹ ਨੋਟਿਸ ਕੀਤਾ ਕਿ ਅੰਗਰੇਜ਼ੀ ਵਿੱਚ ਜਦੋਂ ਕੈਲੀਗ੍ਰਾਫੀ ਕੀਤੀ ਜਾਂਦੀ ਹੈ ਤਾਂ ਅਲੱਗ ਅਲੱਗ ਤਰੀਕੇ ਦੇ ਅੱਖਰ ਵਰਤੇ ਜਾਂਦੇ ਹਨ।




ਕੁਝ ਅੱਖਰਾਂ ਦੇ ਤਰੀਕੇ ਤਾਂ ਹਜ਼ਾਰਾਂ ਸਾਲਾਂ ਤੋਂ ਵਿਕਸਿਤ ਹੋਏ ਹਨ। ਅਲੱਗ ਅਲੱਗ ਤਰੀਕਿਆਂ ਨਾਲ ਲਿਖੇ ਗਏ ਇਹਨਾਂ ਅੱਖਰਾਂ ਨੂੰ ਅਲੱਗ ਅਲੱਗ ਨਾਮ ਵੀ ਦਿੱਤੇ ਜਾਂਦੇ ਹਨ। ਜਿਵੇਂ ਗੌਥਿਕ, ਸਪੈਂਸੇਰਿਅਨ, ਕੌਪਰਪਲੇਟ, ਐਨਗਰੋਸਰ। ਇਹਨਾਂ ਅੱਖਰਾਂ ਨੂੰ ਲਿਖਣ ਦੇ ਕੁਝ ਨਿਯਮ ਹੁੰਦੇ ਨੇ ਜਿਵੇਂ ਕਿ ਅੱਖਰਾਂ ਨੂੰ ਕਿੰਨੇ ਡਿਗਰੀ ਦੇ ਕੋਣ ਤੇ ਲਿਖਿਆ ਜਾਵੇਗਾ, ਲੀਕ ਕਿਥੋਂ ਮੋਟੀ ਅਤੇ ਪਤਲੀ ਹੋਵੇਗੀ।

ਕੈਲੀਗ੍ਰਾਫੀ ਦੀ ਵਰਤੋਂ ਸਰਟੀਫੀਕੇਟਾਂ, ਪੋਸਟਰਾਂ, ਸੱਦਾ ਪੱਤਰਾਂ, ਵਧਾਈ ਪੱਤਰਾਂ, ਸਨਮਾਨ ਚਿੰਨ੍ਹਾਂ, ਪੁਸਤਕਾਂ ਦੇ ਸਿਰਲੇਖਾਂ (Titles) ਆਦਿ ਲਈ ਕੀਤੀ ਜਾਂਦੀ ਹੈ। ਗੁਰਮੁਖੀ ਵਿੱਚ ਕੈਲੀਗਰਾਫੀ ਤਾਂ ਕੀਤੀ ਜਾਂਦੀ ਹੈ ਪਰ ਅਲੱਗ ਅਲੱਗ ਤਰੀਕੇ ਦੇ ਅੱਖਰ ਬਣਾਉਣ ਦੀ ਕਲਾ ਨੂੰ ਨਿਯਮਿਤ ਤਰੀਕੇ ਨਾਲ ਵਿਕਸਿਤ ਕਰਨਾ ਅਜੇ ਤੱਕ ਸੰਭਵ ਨਹੀਂ ਹੋ ਸਕਿਆ। ਅਗਰ ਕਿਸੇ ਅਲੱਗ ਤਰੀਕੇ ਦੇ ਅੱਖਰ ਬਣਾਏ ਜਾਂਦੇ ਹਨ ਤਾਂ ਉਹਨਾਂ ਨੂੰ ਕੋਈ ਨਾਮ ਨਹੀਂ ਦਿੱਤਾ ਗਿਆ। ਅੱਜ ਕੱਲ੍ਹ ਮਨਿੰਦਰ ਗੁਰਮੁਖੀ ਵਿੱਚ ਅਲੱਗ ਅਲੱਗ ਤਰੀਕੇ ਦੇ ਅੱਖਰਾਂ ਨੂੰ ਵਿਕਸਿਤ ਕਰਨ ਤੇ ਹੀ ਕੰਮ ਕਰ ਰਹੀ ਹੈ। ਉਸ ਨੇ ਇਸ ਪਾਸੇ ਜਿੰਨੀ ਮੁਹਾਰਤ ਹਾਸਲ ਕਰ ਲਈ ਹੈ, ਉਹ ਬਹੁਤ ਹੀ ਸਲਾਹੁਣਯੋਗ ਹੈ। ਦਰਅਸਲ ਕੈਲੀਗ੍ਰਾਫੀ ਸ਼ਬਦ ਦੋ ਗ੍ਰੀਕ ਸ਼ਬਦਾਂ ਤੋਂ ਬਣਿਆਂ ਹੈ - Kallos – ਸੁੰਦਰ, Graphein – ਲਿਖਣਾ। ਸੋ ਇਹ ਲਿਖਾਈ ਨੂੰ ਸੁੰਦਰ, ਆਕਰਸ਼ਕ ਅਤੇ ਮਨਮੋਹਣੀ ਬਣਾਉਣ ਦੀ ਕਲਾ ਦਾ ਨਾਂ ਹੀ ਹੈ।ਹੁਣ ਤਾਂ ਭਾਰਤ ਵਿੱਚ ਵੀ ਦਿੱਲੀ ਅਤੇ ਮੁੰਬਈ ਵਰਗੇ ਸ਼ਹਿਰਾਂ ਵਿੱਚ ਦੇਵਨਾਗਰੀ ਅਤੇ ਅੰਗਰੇਜ਼ੀ ਕੈਲੀਗਰਾਫੀ ਦੇ ਕੋਰਸ ਕਰਵਾਏ ਜਾ ਰਹੇ ਹਨ। ਇੱਥੇ ਇਹ ਦੱਸਣਯੋਗ ਹੈ ਕਿ ਅਚਿਉਂਤ ਪੱਲਵ ਨੂੰ ਦੇਵਨਾਗਰੀ ਕੈਲੀਗ੍ਰਾਫੀ ਲਈ 2025 ਦਾ ਪਦਮ ਸ਼੍ਰੀ ਐਵਾਰਡ ਮਿਲਿਆ ਹੈ। ਮਨਿੰਦਰ ਉਸ ਦੇ ਸੰਪਰਕ ਵਿੱਚ ਹੈ। ਪੱਲਵ ਤੋਂ ਉਸ ਨੂੰ ਪ੍ਰੇਰਨਾ ਅਤੇ ਉਤਸ਼ਾਹ ਮਿਲਦਾ ਹੈ। ਗੁਰਮੁਖੀ ਕੈਲੀਗਰਾਫੀ ਨੂੰ ਵੀ ਉਹ ਇਸ ਮੁਕਾਮ ਤੱਕ ਲੈ ਕੇ ਜਾਣ ਦਾ ਸੁਪਨਾ ਸੰਜੋਈ ਬੈਠੀ ਹੈ ਜਿਸ ਵਿੱਚ ਗੁਰਮੁਖੀ ਕੈਲੀਗ੍ਰਾਫੀ ਦੇ ਕੋਰਸ ਸੰਭਵ ਕਰਵਾਉਣਾ ਤੇ ਇਸ ਕਲਾ ਦੇ ਨਮੂਨਿਆਂ ਨੂੰ ਜਗ੍ਹਾ ਜਗ੍ਹਾ ਲੱਗੇ ਵੇਖਣਾ ਸ਼ਾਮਿਲ ਹੈ।ਕੈਲੀਗ੍ਰਾਫੀ ਲਈ ਵਰਤੀਆਂ ਜਾਣ ਵਾਲ਼ੀਆਂ ਵਸਤਾਂ,ਸਾਮਾਨ ਅਤੇ ਔਜ਼ਾਰਾਂ (Tools ) ਬਾਰੇ ਮਨਿੰਦਰ ਨੇ ਦੱਸਿਆ ਕਿ ਆਮ ਤੌਰ 'ਤੇ ਕਾਗਜ਼ ਉਪਰ ਲਿਖਾਈ ਵਾਸਤੇ ਇਹ ਲੋੜਾਂ ਹਨ - ਚੌੜੀ ਤੇ ਟੇਢੀ ਕੱਟ ਵਾਲ਼ੇ ਵਿਸ਼ੇਸ਼ ਨਿਬਾਂ ਵਾਲ਼ੇ ਪੈਂਨ, ਨਮਦਾ-ਪੈੱਨ, ਬੁਰਸ਼, ਕਾਨੀ ਦੀ ਕਲਮ, ਖੰਭ, ਆਮ ਅਤੇ ਚੌੜੀ ਨੋਕ ਵਾਲ਼ੀ ਪੈਨਸਿਲ, ਕੰਪਾਸ ਪੈਨਸਿਲ, ਸਿਆਹੀ, ਵਾਟਰ ਕਲਰ, ਪੇਂਟ, ਸੁਵਿਧਾ ਲਈ ਕੁਰਸੀ, ਮੇਜ਼, ਪੈਰਾਂ ਹੇਠ ਪੌੜ (Foot Rest), ਵੱਡਾ ਬੋਰਡ, ਤਿਕੋਨਾ ਬੋਰਡ, ਚੰਗੀ ਰੌਸ਼ਨੀ, ਮਨ-ਭਾਉਂਦਾ ਮਿਊਜ਼ਿਕ ਵਗੈਰਾ। ਕੰਮ ਕਰਨ ਸਮੇਂ ਇਕੱਲਤਾ ਅਤੇ ਸ਼ਾਂਤ ਮਾਹੌਲ ਵੀ ਜ਼ਰੂਰੀ ਹੈ। ਇਕ ਤਰ੍ਹਾਂ ਨਾਲ਼ ਸਮਾਧੀ ਲਾ ਕੇ ਬੈਠਣਾ ਹੁੰਦਾ ਹੈ, ਇਕਾਗਰਤਾ ਭੰਗ ਨਹੀਂ ਹੋਣੀ ਚਾਹੀਦੀ। ਲੈਅ ਨਹੀਂ ਟੁੱਟਣੀ ਚਾਹੀਦੀ। ਕੈਲੀਗ੍ਰਾਫੀ ਹੱਥ ਅਤੇ ਅੱਖ ਦੀ ਇਕਸੁਰਤਾ ਦੀ ਕਰਾਮਾਤ ਹੈ।ਦ ਬੋਅ ਵੈਲੀ ਕੈਲੀਗ੍ਰਾਫੀ ਗਿਲਡ ਬਾਰੇ ਮਨਿੰਦਰ ਨੇ ਜਾਣਕਾਰੀ ਦਿੱਤੀ ਕਿ ਇਹ ਗਿਲਡ ਕੈਲਗਰੀ ਵਿੱਚ ਕੈਲੀਗ੍ਰਾਫਰਾਂ ਦਾ ਗਰੁਪ ਹੈ ਜਿਸ ਦੀ ਉਹ ਸਰਗਰਮ ਮੈਂਬਰ ਹੈ। ਇਸ ਗਰੁਪ ਦੇ ਕਲਾਕਾਰ ਸਿਖਲਾਈ ਦੀਆਂ ਕਲਾਸਾਂ ਲਾਉਂਦੇ ਹਨ। ਇਸ ਦੇ ਆਰਟਿਸਟ ਕਈ ਨਾਮੀ ਵਪਾਰਕ ਤੇ ਹੋਰ ਅਦਾਰਿਆਂ ਨਾਲ਼ ਜੁੜੇ ਹੋਏ ਹਨ। ਉਹ ਦੂਜੇ ਸ਼ਹਿਰਾਂ ਅਤੇ ਦੇਸ਼ਾਂ ਤੱਕ ਵੀ ਜਾਂਦੇ ਹਨ। ਇਸ ਗਰੁਪ ਵਿੱਚ ਆ ਕੇ ਨਵੀਆਂ ਤਕਨੀਕਾਂ, ਨਵੇਂ ਤਰੀਕਿਆਂ ਖਾਸ ਕਰ ਕੇ ਔਜ਼ਾਰ ਵਰਤਣ ਦੇ ਤਰੀਕਿਆਂ ਦੀ ਮੁਹਾਰਤ ਵਿੱਚ ਵਾਧਾ ਹੁੰਦਾ ਹੈ। ਮਨਿੰਦਰ ਇਸ ਗਰੁਪ ਦੁਆਰਾ ਲਈਆਂ ਜਾਣ ਵਾਲ਼ੀਆਂ ਸਿਖਲਾਈ ਕਲਾਸਾਂ ਦੀ ਰੂਪ-ਰੇਖਾ ਵਿਉਂਤਣ ਵਿੱਚ ਵੀ ਹਿੱਸਾ ਲੈਂਦੀ ਹੈ। ਮਨਿੰਦਰ ਨੇ ਹੋਰ ਦੱਸਿਆ ਕਿ ਉਹ ਇਹ ਕਲਾ ਅਗਲੀ ਪੀੜ੍ਹੀ ਤੱਕ ਪੁਚਾਉਣ ਦੇ ਉਪਰਾਲੇ ਕਰ ਰਹੀ ਹੈ। ਪਿੱਛੇ ਜਿਹੇ ਉਸ ਨੇ ਵਿਲੇਜ ਸਕੇਅਰ ਲਾਇਬ੍ਰੇਰੀ ਵਿਖੇ ਆਪਣੀ ਕਲਾ ਦੀ ਪੇਸ਼ਕਾਰੀ ਕੀਤੀ ਸੀ ਜਿਸ ਨੂੰ ਚੰਗਾ ਹੁੰਗਾਰਾ ਮਿਲਿਆ ਸੀ। ਜਦੋਂ ਪੁਰਾਤਨ ਹੱਥ ਲਿਖਤ ਧਾਰਮਿਕ ਗ੍ਰੰਥਾਂ ਨੂੰ ਵਾਚਦੇ ਹਾਂ ਤਾਂ ਲਗਦਾ ਹੈ ਕਿ ਇਹ ਉਸ ਸਮੇਂ ਦੀ ਕੈਲੀਗ੍ਰਾਫੀ ਦਾ ਮੁੱਢਲਾ ਨਮੂਨਾ ਹਨ। ਖੁੱਲ੍ਹਾ ਸਮਾਂ ਲੈ ਕੇ, ਬਿਨਾ ਕਿਸੇ ਕਾਹਲ਼ ਦੇ, ਪੂਰੀ ਸ਼ਰਧਾ ਨਾਲ ਬਿਰਤੀ ਸਮੇਤ ਸਮਾਧੀ ਲਾ ਕੇ ਬੈਠਣਾ ਅਤੇ ਸੁੰਦਰ ਅੱਖਰ ਲਿਖਣੇ ਕੈਲੀਗ੍ਰਾਫੀ ਦਾ ਮੁੱਢ ਬਣ ਗਏ। ਇਨ੍ਹਾਂ ਗ੍ਰੰਥਾਂ ਵਿੱਚ ਫੁੱਲ, ਪੱਤੀਆਂ, ਪੰਛੀਆਂ ਦੇ ਚਿਤਰ ਲਿਖਤ ਨੂੰ ਹੋਰ ਸੁੰਦਰਤਾ ਬਖ਼ਸ਼ਦੇ ਹਨ। ਸਦੀਆਂ ਤੱਕ ਮੱਧਮ ਨਾ ਪੈਣ ਵਾਲ਼ੀ ਸਿਆਹੀ, ਕਾਨੀ ਦੀ ਕਲਮ ਜਾਂ ਖੰਭ ਦੀ ਨੋਕ ਕੈਲੀਗ੍ਰਾਫੀ ਦੇ ਮੁੱਢਲੇ ਪਦਾਰਥ ਤੇ ਔਜ਼ਾਰ ਬਣ ਗਏ। ਅਸਲ ਵਿੱਚ ਸ਼ਬਦ ਪੈੱਨ ਤਾਂ ਬਣਿਆ ਹੀ ਗ੍ਰੀਕ ਸ਼ਬਦ ਪੈੱਨਾ ਤੋਂ ਹੈ ਜਿਸ ਦਾ ਅਰਥ ਹੈ ਖੰਭ।ਕੈਲੀਗ੍ਰਾਫੀ ਦੇ ਮਾਧਿਅਮ ਪੱਥਰ, ਲੱਕੜੀ, ਚਮੜਾ, ਧਾਤਾਂ, ਸ਼ੀਸ਼ਾ, ਪਾਂਡੋ ਮਿੱਟੀ, ਕਾਗਜ਼, ਕਾਰਡ ਬੋਰਡ, ਕੈਨਵਸ, ਕੰਧਾਂ ਆਦਿ। ਹੋ ਸਕਦੇ ਹਨ। ਔਜ਼ਾਰਾਂ ਵਿੱਚ ਕਾਨੀ ਦੀ ਕਲਮ, ਖੰਭ, ਕਈ ਕਿਸਮ ਦੇ ਨਿਬਾਂ ਵਾਲ਼ੇ ਪੈੱਨ, ਕਈ ਕਿਸਮ ਦੇ ਬੁਰਸ਼ ਜਿਵੇਂ ਵਾਟਰ ਕਲਰ ਬੁਰਸ਼, ਚੌੜਾ ਬੁਰਸ਼, ਸਿਲੀਕਾਨ ਟਿਪ ਬੁਰਸ਼, ਮਸਕਰਾ ਬੁਰਸ਼, ਹੈਂਡਲ ਵਾਲ਼ੇ ਸਪੰਜ, ਨਰਮ ਪਲਾਸਟਿਕ ਟਿਪ, ਬਰੀਕ, ਮੋਟੀਆਂ, ਚੌੜੀ ਨੋਕ ਵਾਲ਼ੀਆ ਪੈਨਸਿਲਾਂ, ਕੰਪਾਸ ਪੈਨਸ ?ਲ, ਸਪ੍ਰੇਅ, ਮਾਰਕਰ ਆਦਿ। ਸਿਆਹੀ, ਪੇਂਟ, ਐਕਰੀਲਿਕ ਪੇਂਟ, ਗੂੰਦ, ਵਾਰਨਿਸ਼, ਛੈਣੀ, ਤਿੱਖੀ ਨੋਕ ਦੀ ਧਾਤ (ਖੁਦਵਾਈ, ਖੁਣਾਈ ਲਈ) ਲੇਟੈਕਸ ਪੇਂਟ ਵੀ ਕੈਲੀਗ੍ਰਾਫੀ ਦੀਆਂ ਲੋੜਾਂ ਹਨ। ਅਸਲੀ ਕਲਾਕਾਰੀ ਇਨ੍ਹਾਂ ਦੀ ਵਰਤੋਂ-ਵਿਧੀ ਵਿੱਚ ਹੈ। ਅੱਖਰਾਂ ਦੇ ਆਕਾਰ ਅਤੇ ਇਨ੍ਹਾਂ ਵਿੱਚਕਾਰ ਫਾਸਲੇ ਦੇ ਅਨੁਪਾਤ ਦਾ ਖਿਆਲ ਰੱਖਣਾ ਪੈਂਦਾ ਹੈ। ਔਜ਼ਾਰ ਕਿਵੇਂ ਫੜਨਾ ਹੈ, ਕਿੰਨੇ ਕੋਣ ਤੇ ਵਰਤਣਾ ਹੈ, ਕਿਵੇਂ ਬੈਠਣਾ ਹੈ, ਕਿਵੇਂ ਸਾਰਾ ਲੋੜੀਂਦਾ ਸਾਮਾਨ ਹੱਥ ਦੀ ਪਹੁੰਚ ਵਿੱਚ ਰੱਖਣਾ ਹੈ - ਕਿਸੇ ਸਮਾਧੀ ਤੋਂ ਘੱਟ ਨਹੀਂ।ਮਨਿੰਦਰ ਨੇ ਹੋਰ ਵਿਸਥਾਰ ਵਿੱਚ ਦੱਸਿਆ ਕਿ ਅੱਜ ਕੱਲ੍ਹ ਕੈਲੀਗ੍ਰਾਫੀ ਕਿਸੇ ਵੀ ਤਰ੍ਹਾਂ ਦੇ ਪ੍ਰਗਟਾਵੇ ਦਾ ਖ਼ੂਬਸੂਰਤ ਜ਼ਰੀਆ ਹੈ, ਇਕ ਕਲਾ ਹੈ, ਸੁੰਦਰ ਅੱਖਰ ਪਾਉਣ ਦੀ ਪ੍ਰੇਮ-ਲਗਨ ਹੈ। ਕੰਧਾਂ-ਕੌਲ਼ਿਆਂ ਉਪਰ ਸਜਾਈ ਜਾ ਰਹੀ ਸੁੰਦਰ ਗ੍ਰਾਫਿੱਟੀ ਨੂੰ ਵੀ ਕੈਲੀਗ੍ਰਾਫਿੱਟੀ ਕਿਹਾ ਜਾਂਦਾ ਹੈ। ਕੈਲੀਗ੍ਰਾਫੀ ਨੂੰ ਪੰਜਾਬੀ ਵਿੱਚ ਅੱਖਰਕਾਰੀ ਜਾਂ ਕਲਮਕਾਰੀ ਕਹਿਣਾ ਇਸ ਕਲਾ ਨੂੰ ਪੂਰਨ ਰੂਪ ਵਿੱਚ ਕਲਾਵੇ ਵਿੱਚ ਨਹੀਂ ਲੈਂਦਾ ਕਿਉਂ ਕਿ ਇਸ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਚਿਤ੍ਰਕਾਰੀ ਦੇ ਮਹੀਨ ਅੰਸ਼ ਮੌਜੂਦ ਹਨ, ਨਾਲ਼ੇ ਇਹ ਆਮ ਲਿਖਾਈ ਤੋਂ ਵੱਖਰੀ ਹੈ।ਮਨਿੰਦਰ ਬਹੁ-ਪ੍ਰਤਿਭਾਸ਼ਾਲੀ ਕਲਾਕਾਰ ਹੈ। ਉਸ ਨੂੰ ਇੰਜੀਨੀਅਰਿੰਗ ਦੇ ਕੰਮ ਜਿਵੇਂ ਲੱਕੜੀ ਦਾ ਪਲੇਅ-ਹਾਊਸ ਬਨਾਉਣਾ,ਬੈੱਡ ਦਾ ਫਰੇਮ ਬਨਾਉਣਾ, ਬੇਕਾਰ ਵਸਤੂਆਂ ਤੋਂ ਨਵੀਆਂ ਵਸਤੂਆਂ ਤਿਆਰ ਕਰਨਾ ਆਉਂਦਾ ਹੈ। ਉਸ ਨੂੰ ਹਰੇਕ ਸ਼ਿਲਪ ਸਿੱਖਣ ਦਾ ਸ਼ੌਕ ਹੈ। ਪੈਨਸਿਲ ਸਕੈੱਚ ਬਨਾਉਣੇ, ਬੁਣਾਈ( ), ਕਰੋਸ਼ੀਆ ਤੋਂ ਇਲਾਵਾ 3-ਡੀ ਕਲੇਅ ਆਰਟ ਵੀ ਬਣਾਉਂਦੀ ਹੈ। ਪਤਾ ਨਹੀਂ ਕਿੰਨੇ ਗੁਣਾਂ, ਕਲਾਵਾਂ ਅਤੇ ਹੁਨਰਾਂ ਨੂੰ ਸਮੋਈ ਬੈਠੀ ਹੈ। ਉਹ ਮੰਨਦੀ ਹੈ ਕਿ ਕੈਲੀਗ੍ਰਾਫੀ ਨੇ ਉਸ ਅੰਦਰ ਕਿਤਾਬਾਂ ਪੜ੍ਹਨ ਦਾ ਸ਼ੌਕ ਜਗਾਇਆ। ਅਜੇ ਤਾਂ ਇਸ ਸੰਭਾਵਨਾਵਾਂ-ਭਰਪੂਰ ਬਹੁ-ਪੱਖੀ ਕਲਾਕਾਰ ਦਾ ਸ਼ੁਰੂਆਤੀ ਦੌਰ ਹੈ, ਆਉਣ ਵਾਲ਼ੇ ਸਮੇਂ ਵਿੱਚ ਉਸ ਨੇ ਬਹੁਤ ਉੱਚੇ ਮੁਕਾਮ ਹਾਸਲ ਕਰਨੇ ਹਨ। ਉਸ ਨੂੰ ਸ਼ੌਕ ਹੈ, ਲਗਨ ਹੈ, ਮਿਹਨਤ ਕਰਨ ਦੀ ਆਦਤ ਹੈ, ਤੀਖਣ ਬੁੱਧੀ ਹੈ, ਕਲਾ ਸੰਵਾਰਨ ਦੀ ਭੁੱਖ ਹੈ, ਕੁੱਝ ਨਿਵੇਕਲਾ ਕਰਨ ਦੀ ਯੋਗਤਾ, ਪ੍ਰਤਿਭਾ ਅਤੇ ਚਾਹਤ ਹੈ, ਕਾਰਜ ਦੀ ਨਿਰੰਤਰਤਾ ਹੈ, ਧਿਆਨ ਦੀ ਮਗਨਤਾ ਹੈ, ਅੜਚਣਾਂ ਪਾਰ ਕਰਨ ਦੀ ਸਮਰੱਥਾ ਅਤੇ ਦਲੇਰੀ ਹੈ। ਹੋਰ ਤਾਂ ਹੋਰ ਸੁੱਖ ਨਾਲ਼ ਉਮਰ ਵੀ ਹੈ। ਧਨੀ ਰਾਮ ਚਾਤ੍ਰਿਕ ਦੇ ਕਥਨ ਮੁਤਾਬਕ ਕਾਮਯਾਬੀ ਅਵੱਸ਼ ਮਿਲਣੀ ਹੈ - ਪੱਕੀ ਨੀਯਤ ਧਾਰ ਕੇ ਜੋ ਚੌਣਾ ਚੱਕੇ / ਰੱਬ ਵੀ ਚਾਤ੍ਰਿਕ ਉਸਦਾ ਫਲ਼ ਰੋਕ ਨਾ ਸੱਕੇ।ਕੈਲੀਗ੍ਰਾਫੀ ਪੂਰਨ ਤੌਰ ਤੇ ਇਕ ਵੱਖਰਾ ਮੁਕੰਮਲ ਵਿਸ਼ਾ ਹੈ, ਵਿਲੱਖਣ ਤੇ ਸੂਖਮ ਕਲਾ ਹੈ, ਜਿਸ ਦਾ ਇਤਿਹਾਸ ਵੀ ਹੈ, ਵਿਧੀ-ਵਿਧਾਨ ਵੀ ਹੈ, ਜਿਸ ਦੀ ਅਹਿਮੀਅਤ ਵੀ ਹੈ, ਲੋੜ ਵੀ ਹੈ। ਇਸ ਨੂੰ ਪੜ੍ਹਨਾ ਤੇ ਨਿਹਾਰਨਾ ਨਾ ਸਿਰਫ਼ ਅੱਖਾਂ ਨੂੰ ਸੁੰਦਰ ਲਗਦਾ ਹੈ ਸਗੋਂ ਮਨ ਨੂੰ ਵੀ ਇਕ ਤਰ੍ਹਾਂ ਦਾ ਸਕੂਨ ਦਿੰਦਾ ਹੈ। ਲੋੜ ਹੈ ਇਸ ਉਭਰਦੇ ਹੋਣਹਾਰ ਕਲਾਕਾਰ ਨੂੰ ਹੌਸਲਾ ਤੇ ਹੱਲਾਸ਼ੇਰੀ ਦੇਣ ਦੀ, ਉਸ ਦੇ ਹੁਨਰ ਨੂੰ ਪਛਾਨਣ ਦੀ, ਕਲਾ ਦੀ ਕਦਰ ਕਰਨ ਦੀ ਅਤੇ ਇਸ ਦਾ ਬਣਦਾ ਮੁੱਲ ਪਾਉਣ ਦੀ। ਪੰਜਾਬੀ ਪ੍ਰੇਮੀਆਂ, ਕਲਾ ਦੇ ਪਾਰਖੂਆਂ ਅਤੇ ਕਦਰਦਾਨਾਂ ਦੀਆਂ ਸ਼ੁਭ-ਇੱਛਾਵਾਂ ਉਸ ਦੇ ਨਾਲ਼ ਹਨ।

***ਮਨਿੰਦਰ ਚਾਨੇ ਦਾ ਈ-ਮੇਲ ਪਤਾ - mchanney@gmail.com**



ਮਨਿੰਦਰ ਚਾਨੇ



















# ਗਰਮੀਆਂ ਦੀ ਬੱਚਤ
## ਈਵੈਂਟ ਹੁਣ ਚਾਲੂ ਹੈ






SOUTH POINT
A MASTER PLANNED COMMUNITY

## ਨਵੇਂ ਮਾਡਰਨ ਡਬਲ ਫਰੰਟ ਗੈਰਾਜ ਵਾਲੇ ਘਰ

## ਹੁਣ ਵੇਚ ਰਹੇ ਹਾਂ

ਥੋੜੇ ਹੀ ਘਰ ਬਾਕੀ ਹਨ

ਸਾਡੇ ਸ਼ਾਨਦਾਰ ਫਰੰਟ-ਅਟੈਚਡ ਗੈਰੇਜ ਘਰਾਂ ਦੇ ਨਾਲ ਸਾਊਥ ਪੁਆਇੰਟ ਵਿੱਚ ਸਮਕਾਲੀ ਰਹਿਣ ਦਾ ਅਨੁਭਵ ਕਰੋ। ਸੋਚ-ਸਮਝ ਕੇ ਡਿਜ਼ਾਈਨ ਕੀਤੇ ਗਏ, ਇਹ ਘਰ ਸ਼ੈਲੀ ਅਤੇ ਕਾਰਜਸ਼ੀਲਤਾ ਨੂੰ ਜੋੜਦੇ ਹਨ, ਜਿਸ ਵਿੱਚ ਸ਼ਾਮਲ ਹਨ:

- ਖੁੱਲ੍ਹੇ-ਸੰਕਲਪ ਵਾਲੇ ਲੇਆਉਟ
- ਸ਼ਾਨਦਾਰ ਫਿਨਿਸ਼
- ਪਰਿਵਾਰਾਂ ਲਈ ਸੰਪੂਰਨ ਵਿਸ਼ਾਲ ਅੰਦਰੂਨੀ ਹਿੱਸੇ

ਜੁੜਵੇਂ ਗੈਰਾਜ ਇੱਕ ਸ਼ਾਨਦਾਰ ਸੁੱਖ-ਸਹੂਲਤ ਅਤੇ ਆਧੁਨਿਕ ਬਾਹਰੀ ਦਿੱਖ ਪ੍ਰਦਾਨ ਕਰਦੇ ਹਨ। ਨੇੜਲੇ ਪਾਰਕਾਂ, ਸਕੂਲਾਂ ਅਤੇ ਖਰੀਦਦਾਰੀ ਵਾਲੇ ਇੱਕ ਜੀਵੰਤ ਭਾਈਚਾਰੇ ਵਿੱਚ ਸਥਿਤ, ਇਹ ਘਰ ਆਰਾਮ ਅਤੇ ਪਹੁੰਚਯੋਗਤਾ ਦਾ ਸੰਪੂਰਨ ਮਿਸ਼ਰਣ ਪ੍ਰਦਾਨ ਕਰਦੇ ਹਨ।

ਹੋਰ ਜਾਣਕਾਰੀ ਲਈ ਰਜਿਸਟਰ ਕਰੋ:
VESTASOUTHPOINT.COM

VESTA PROPERTIES

Built by Vesta – Over 7,000 homes delivered across Alberta and BC.
Renderings are an artist's conception and are intended as a general reference only.

1601-201 Cooperswood Green SW, Airdrie
587.674.3438 | southpoint@vestaproperties.com


BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
* ਸਾਨੂੰ ਵਰਕਰਾਂ ਦੀ ਲੋੜ ਹੈ
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com


Vermilion Hill
New Phase Now Selling
ਸਾਊਥ ਵੈਸਟ ਕੈਲਗਰੀ ਵਿੱਚ ਨਵਾਂ ਨਕੋਰ ਭਾਈਚਾਰਾ
ਵਰਮਿਲੀਅਨ ਹਿੱਲ ਦੇ ਫੇਜ਼ 4 ਵਿੱਚ ਦਿਲਚਸਪ ਘਰੇਲੂ ਵਿਕਲਪ ਹਨ ਭਵਿੱਖ ਦੇ ਸਕੂਲ ਸਾਈਟ ਦੇ ਨਾਲ ਲੱਗਦੇ ਖੇਡ ਦੇ ਮੈਦਾਨਾਂ ਵਿੱਚ ਚੁਣੇ ਹੋਏ ਲਾਟ ਹਨ। ਇਸ ਸ਼ਾਨਦਾਰ ਸਾਊਥ-ਵੈਸਟ ਭਾਈਚਾਰੇ ਵਿੱਚ ਆਪਣੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਨਵੇਂ ਸ਼ੋਅ ਹੋਮਾਂ ਵਿੱਚੋਂ ਇੱਕ 'ਤੇ ਜਾਓ ਜੋ ਕੈਲਗਰੀ ਦੇ ਸ਼ਹਿਰ ਅਤੇ ਰੌਕੀ ਪਹਾੜਾਂ ਦੇ ਸ਼ਾਨਦਾਰ ਦ੍ਰਿਸ਼ ਪੇਸ਼ ਕਰਦਾ ਹੈ।
ਟਾਊਨ ਹੋਮਜ From the Mid $500s
ਲੇਨਡ ਹੋਮਜ From the Low $600s
ਫਰੰਟ ਗੈਰਾਜ ਹੋਮਜ From the Mid $700s
Award-Winning Builders
• NuVista Homes • Genesis Builders • Shane Homes
• Homes by Avi • Sterling Homes • Broadview Homes
ਆਪਣੀ ਲਾਟ ਲੱਭੋ!
liveinvermilionhill.com
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


ਚੈਸਟਰਮੀਅਰ ਵਿੱਚ ਅਜਿਹਾ ਭਾਈਚਾਰਾ ਜਿੱਥੇ ਤੁਹਾਨੂੰ ਆਪਣਾ ਘਰ ਕਹਿਣ 'ਤੇ ਮਾਣ ਹੋਵੇਗਾ
ਝੀਲ ਦੇ ਕਿਨਾਰੇ ਸਥਿਤ ਸ਼ਹਿਰ ਚੈਸਟਰਮੇਰ ਵਿੱਚ, ਡਾਸਨਜ਼ ਲੈਂਡਿੰਗ ਇੱਕ ਸਥਾਪਿਤ ਭਾਈਚਾਰਾ ਹੈ ਜੋ ਸਕੂਲਾਂ, ਪਾਰਕਾਂ, ਖਰੀਦਦਾਰੀ ਅਤੇ ਹੋਰ ਬਹੁਤ ਕੁੱਝ ਤੱਕ ਪਹੁੰਚ ਪ੍ਰਦਾਨ ਕਰਦਾ ਹੈ। ਭਾਈਚਾਰੇ ਦੇ 5 ਪਾਰਕਾਂ ਵਿੱਚੋਂ ਇੱਕ ਵਿੱਚ ਦੋਸਤਾਂ ਨਾਲ ਇਕੱਠੇ ਹੋਵੋ, ਖੇਡ ਦੇ ਮੈਦਾਨ ਵਿੱਚ ਇੱਕ ਦੁਪਹਿਰ ਬਿਤਾਓ, ਬਾਸਕਟਬਾਲ ਪੈਡ 'ਤੇ ਕੁੱਝ ਹੂਪਸ ਸ਼ੂਟ ਕਰੋ, ਜਾਂ ਸੁੰਦਰ ਮਾਰਗ ਪ੍ਰਣਾਲੀ ਦੇ ਨਾਲ ਸੈਰ ਕਰੋ। ਨੇੜਲੇ ਭਵਿੱਖ ਲਈ ਯੋਜਨਾਬੱਧ ਇੱਕ ਡੌਗ ਪਾਰਕ ਅਤੇ ਈਕੋ ਪਾਰਕ ਦੇ ਨਾਲ, ਡਾਸਨਜ਼ ਲੈਂਡਿੰਗ ਸੱਚਮੁੱਚ ਆਰਾਮ ਅਤੇ ਸਹੂਲਤ ਦਾ ਸੰਪੂਰਨ ਸੁਮੇਲ ਪੇਸ਼ ਕਰਦਾ ਹੈ।
• Broadview Homes • Sterling Homes • NuVista Homes
• Truman Homes • Trico Homes • Genesis Builders
DAWSON'S LANDING CHESTERMERE
ਬੰਗਲੋ ਘਰ
ਫਰੰਟ ਗੈਰਾਜ ਡੁਪਲੈਕਸ
ਸਿੰਗਲ ਫਰੰਟ ਗੈਰਾਜ ਘਰ
Introducing Semi-Estates
/ Wide Lots* / Triple Garages / Walkout Homes / Mountain Views
liveindawsonslanding.ca
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


PAINTED SKY LANGDON
ਲੈਂਗਡਨ ਦੇ ਪ੍ਰੇਰੀ ਹੈਮਲੇਟ ਵਿੱਚ ਜੀ ਆਇਆਂ ਨੂੰ
ਨਵੀਆਂ ਸਹੂਲਤਾਂ ਸੌਖਾਲਿਆਂ ਹੀ ਲਵੋ
ਪੇਂਟਿਡ ਸਕਾਈ ਕਮਿਉਨਿਟੀ ਵਿੱਚ ਤੁਹਾਡਾ ਸਵਾਗਤ ਹੈ,ਲੈਂਗਡਨ ਦੇ ਪ੍ਰੇਰੀ ਹੈਮਲੇਟ ਵਿੱਚ ਇੱਕ ਜੀਵੰਤ ਭਾਈਚਾਰਾ,ਜਿੱਥੇ ਛੋਟੇ ਸਹਿਰ ਦਾ ਸੁਹਜ ਆਧੁਨਿਕ ਸਹੂਲਤਾਂ ਨੂੰ ਪੂਰਾ ਕਰਦਾ ਹੈ। ਕੈਲਗਰੀ ਤੋਂ ਸਿਰਫ 20 ਮਿੰਟ ਦੀ ਦੂਰੀ ਉੱਪਰ ਪੇਂਟਿਡ ਸਕਾਈ ਪਰਿਵਾਰਾਂ ਲਈ ਡਿਜ਼ਇਨ ਕੀਤੇ ਗਏ ਵਿਸ਼ਾਲ ਘਰ ਪੇਸ਼ ਕਰਦਾ ਹੈ। ਪੇਂਟਿਡ ਸਕਾਈ ਵਿਖੇ ਜਗ੍ਹਾ,ਭਾਈਚਾਰੇ ਅਤੇ ਸਹੂਲਤਾਂ ਦੇ ਸੰਪੂਰਨ ਸੰਤੁਲਨ ਦੀ ਖੋਜ ਕਰੋ।
ਜਲਦੀ ਆ ਰਿਹਾ ਹੈ!
ਖੇਡ ਮੈਦਾਨ,ਪਰਿਵਾਰਾਂ ਲਈ ਮਜ਼ੇਦਾਰ ਜਗ੍ਹਾ ਵਾਲੀ ਪਹਿਲੀ ਕਮਿਊਨਿਟੀ
ਆਈ ਜੀ ਏ, ਡੌਲਰਾਮਾ,ਮੈਕਡੋਨਲਡ ਅਤੇ ਹੋਰ ਬਹੁਤ ਨਵੀਆਂ ਸਹੂਲਤਾਂ
ਤੁਹਾਡੇ ਨਵੇਂ ਘਰ ਤੋਂ ਸਾਰਾ ਕੁੱਝ ਤੁਹਾਡੀ ਪੈਦਲ ਪਹੁੰਚ ਵਿੱਚ
ਫਰੰਟ ਗੈਰਾਜ ਹੋਮਜ ਫਰੋਮ ਦੀ ਮਿੱਡ $700s
ਬੰਗਲੋਅ ਹੋਮਜ ਫਰੋਮ ਦੀ ਲੋਅ $700s
ਆਓ ਦੇਖੋ paintedskyinlangdon.com
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities